

# ਅੰਮ੍ਰਿਤ ਕੀਰਤਨ



ੴ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁਪਏ □ ਮਈ 1997

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

**ਅੰਕ 5 ਸਾਲ ਨੌਵਾਂ ਮਈ 1997**



**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਡਾ. ਹਰਨੇਕ ਸਿੰਘ ਕਲੇਰ
ਸ. ਜੋਤਿੰਦਰ ਸਿੰਘ ਸੋਹਲ
ਸ. ਹਰਭਜਨ ਸਿੰਘ ਚੋਪੜਾ
ਪ੍ਰੋ. ਸਤਵਿੰਦਰ ਸਿੰਘ
ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696



| | |
|---|---|
| ਮਿਤ੍ਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਬੱਚਾ ਅਤੇ ਸੰਗੀਤ - ਸ਼ੰਨੋ ਬਿਜਲਾਨੀ | 4 |
| ਕਿਸ ਪਹਿ ਖੋਹਲਉ ਗੰਠੜੀ - ਮਨ ਪਰਦੇਸੀ | 7 |
| ਸੰਗੀਤ ਸਿੱਖਿਆ - ਸੰਪਾਦਕੀ ਬੋਰਡ | 9 |
| ਪੁਸਤਕ-ਸਮੀਖਿਆ - ਕੋਮਲ ਸਿੰਘ | 11 |
| ਕੈਸਟ ਸਮੀਖਿਆ - ਹਰਚਰਨ ਸਿੰਘ | 13 |
| ਗੁਰਬਾਣੀ ਸੰਗੀਤ ਸੰਬੰਧੀ ਪੁਸਤਕਾਂ ਦਾ ਵੇਰਵਾ | 15 |
| ਪ੍ਰਸ਼ਨਾਵਲੀ | 17 |
| ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ | 19 |
| ਸੁਰ ਲਿਪੀ : ਰਾਗ ਭੀਮ ਪਲਾਸੀ - ਹਰਿੰਦਰਪਾਲ ਸਿੰਘ | 20 |
| ਸੁਰ ਲਿਪੀ : ਰਾਗ ਧਨਾਸਰੀ - ਪ੍ਰੋ. ਪਰਮਜੋਤ ਸਿੰਘ | 21 |
| ਜੰਤਰੀ ਮਹੀਨਾ ਮਈ/ਜੇਠ | 24 |



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿੱਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

# ਮਿਤ੍ਰ ਅਸਾਡੜੇ ਸੇਈ

☆ 'ਅੰਮ੍ਰਿਤ ਕੀਰਤਨ' ਰਸਾਲੇ ਦੇ ਜਨਵਰੀ ਅੰਕ ਵਿੱਚ ਤੁਹਾਡਾ ਸੰਪਾਦਕੀ ਲੇਖ 'ਕਰਉ ਬੇਨੰਤੀਆਂ – ਹਰਿ ਜੀਉ ਹੰਕਾਰ ਨਾ ਭਵਈ" ਪੜ੍ਹ ਕੇ ਪ੍ਰਸੰਨਤਾ ਹੋਈ । ਹਉਮੈ ਤਾਂ ਦੀਰਘ ਰੋਗ ਹੈ, ਚਿਰ ਰਹਿਣ ਵਾਲਾ (very chronic) ਰੋਗ । ਤੁਹਾਡਾ ਇਸ ਨੂੰ ਪਹਿਚਾਣ ਲੈਣਾ, ਸੁਚੇਤ ਹੋ ਕੇ ਇਸ ਦੇ ਹੱਲੇ ਦਾ ਟਾਕਰਾ ਕਰਨਾ ਚੰਗੇ ਭਾਗਾਂ ਦੀ ਨਿਸ਼ਾਨੀ ਹੈ । ਇੱਥੇ ਤਾਂ ਪੰਜਾਂ ਹੀ ਵਿਕਾਰਾ ਨਾਲ ਬੜੇ ਲੰਮੇ ਅਰਸੇ ਤੋਂ ਯੁੱਧ ਚਲ ਰਿਹਾ ਹੈ । ਇਉਂ ਲਗਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ, ਗੁਰਬਾਣੀ ਦੁਆਰਾ, ਮੇਰੇ ਵਰਗਿਆਂ ਦੀ ਅਵਸਥਾ ਦਾ ਨਕਸ਼ਾ ਖਿਚ ਕੇ ਅਗਵਾਈ ਬਖ਼ਸ਼ ਰਹੇ ਹਨ....

*ਅਵਰ ਪੰਚ ਹਮ ਏਕ ਜਨਾ*
*ਕਿਉਂ ਰਾਖਉ ਘਰ ਬਾਰ ਮਨਾ*
*ਮਾਰਹਿ ਲੂਟਹਿ ਨੀਤ ਨੀਤ*
*ਕਿਸੁ ਆਗੈ ਕਰੀਂ ਪੁਕਾਰ ਜਨਾ*
*ਸ੍ਰੀ ਰਾਮ ਨਾਮਾ ਉਚਰੁ ਮਨਾ*
*ਆਗੈ ਜਮ ਦਲੁ ਬਿਖਮ ਘਨਾ ।੧।ਰਹਾਓ।*

(ਗਉੜੀ ਚੇਤੀ ਮ: ੧ ਪੰਨਾ 155)

ਵਾਹਿਗੁਰੂ ਦੀ ਕ੍ਰਿਪਾ ਹੈ ਕਿ ਡਿੱਗ ਡਿੱਗ ਕੇ ਫੇਰ ਉੱਠਣ ਦੀ ਸਮਰਥਾ ਦੀ ਬਖਸ਼ਿਸ਼ ਬਣੀ ਹੋਈ ਹੈ । ਇਹਨਾਂ ਵਿਚਾਰਾਂ ਦੇ ਹੱਲੇ ਬੜੇ ਵਚਿਤਰ ਹਨ । ਜਦੋਂ ਇਹ ਕੁਝ ਲਾਈਨਾਂ ਲਿਖ ਰਿਹਾ ਹਾਂ ਤਾਂ ਵੀ ਹਉਮੈਂ ਸੂਖਮ ਰੂਪ ਵਿੱਚ ਪਿੱਛਾ ਕਰਦੀ ਨਜ਼ਰ ਆ ਰਹੀ ਹੈ ।

ਹੁਣ ਭਾਵੇਂ ਵਡੇਰੀ ਉਮਰ ਵਿੱਚ ਸਵਾਸਾਂ ਦੀ ਰਾਸ ਪੂੰਜੀ ਵੀ ਸੀਮਿਤ ਹੀ ਕਹਿਣੀ ਬਣਦੀ ਹੈ ਪਰ ਵਾਹਿਗੁਰੂ ਦੀ ਕ੍ਰਿਪਾ, ਸਮੇਂ ਸਮੇਂ ਸਤਿਸੰਗ, ਗੁਰੂ ਸ਼ਬਦ ਦੀ ਨਿਰੰਤਰ ਅਗਵਾਈ ਅਤੇ ਸਭ ਤੋਂ ਵੱਧ ਅਰਦਾਸ ਰਾਹੀਂ ਸੰਸਾਰਕ ਯਾਤਰਾ ਦੀ ਸਫਲਤਾ ਲਈ ਆਸ ਅਤੇ ਭਰੋਸਾ ਰੱਖਿਆ ਹੋਇਆ ਹੈ ।

**ਤੁਝ ਬਿਨ ਕੋ ਨਾਹੀ ਪ੍ਰਭ ਰਾਖਨਹਾਰਾ ਰਾਮ ।**
*ਪਤਿਤ ਉਧਾਰਨ ਹਰਿ ਬਿਰਦੁ ਤੁਮਾਰਾ ਰਾਮ ।*

(ਬਿਹਾਗੜਾ ਮ: ਪੰਜਵਾਂ ਪੰਨਾ 546)

**ਭੂਪਾਲ** **ਸੰਤੋਖ ਸਿੰਘ (ਡਾ.)**

☆ ਪ੍ਰਿੰ. ਦਿਆਲ ਸਿੰਘ ਜੀ ਦਾ ਸ਼ਾਸਤ੍ਰੀ ਸੰਗੀਤ ਤੇ ਗੁਰਮਤਿ ਸੰਗੀਤ ਬਾਰੇ ਲੇਖ, ਡਾ. ਹਰਨੇਕ ਸਿੰਘ ਕਲੇਰ ਦਾ ਲੇਖ 'ਭਗਤ ਰਵਿਦਾਸ: ਜੀਵਨ ਤੇ ਬਾਣੀ– ਪ੍ਰਿੰ. ਦਰਸ਼ਨ ਸਿੰਘ ਵੱਲੋਂ 'ਕੀਰਤਨ ਮਹਿਮਾ' ਡਾ. ਸੁਰਜੀਤ ਸਿੰਘ ਦਾ ਲੇਖ 'ਸਿੱਖ ਮਤ ਮਨੁੱਖ ਮੱਤ' ਤਰੀਫ ਦੇ ਕਾਬਿਲ ਹਨ । ਕੀਰਤਨ ਕਲਾਸਾਂ ਬਾਰੇ ਜਾਣਕਾਰੀ ਸਭ ਲਈ ਲਾਹੇਵੰਦ ਹੈ । ਗਿਆਨ ਸਿੰਘ ਐਬਟਾਬਾਦ ਵਾਲਿਆਂ ਦੀ ਰਾਗ ਖਮਾਜ ਵਿੱਚ ਤਿੰਨ ਤਾਲ ਦੀ ਬੰਦਸ਼ ਵਧੀਆ ਸੀ ।

**ਮਲੋਟ** **ਪ੍ਰੋ. ਮੰਗਤ ਸਿੰਘ ਮਸਤਾਨਾ**

☆ 'ਅੰਮ੍ਰਿਤ ਕੀਰਤਨ' ਵਿੱਚ ਸੰਗੀਤ ਅਧਿਆਪਕ ਦੀ ਤਰ੍ਹਾਂ ਇਹ ਸਪੱਸ਼ਟ ਲਿਖੋ ਕਿ ਕਿਹੜਾ ਸ਼ਬਦ ਕਿਸ ਰਾਗ ਵਿੱਚ ਕਿਸ ਸਮੇਂ ਗਾਉਣਾ ਹੈ । ਦੂਜਾ ਵਿਸ਼ਾ ਤਰਤੀਬ ਵੀ ਦੇ ਦਿਓ, ਜਿਵੇਂ ਅਰਦਾਸ, ਖੁਸ਼ੀ ਅਤੇ ਗਮੀ ਦੇ ਸਮੇਂ ਗਾਏ ਜਾ ਸਕਣ ਵਾਲੇ ਸ਼ਬਦ । ਸੁਰਾਂ ਕੱਢਣ ਦਾ ਢੰਗ ਵੀ ਲਿਖੋ ।

**ਨਵੀਂ ਦਿੱਲੀ** **ਜਤਿੰਦਰ ਸਿੰਘ**

☆ ਮਾਰਚ ਅੰਕ ਵਿੱਚ ਪ੍ਰਿੰ. ਦਿਆਲ ਸਿੰਘ, ਡਾ. ਹਰਨੇਕ ਸਿੰਘ ਕਲੇਰ ਅਤੇ ਡਾ. ਸੁਰਜੀਤ ਸਿੰਘ ਕੁੰਜਾਹੀ ਦੇ ਲੇਖ ਜਾਣਕਾਰੀ ਭਰਪੂਰ ਸਨ । ਗੁਰਮਤਿ ਸੰਗੀਤ ਅਤੇ ਵਿੱਦਿਅਕ ਅਦਾਰੇ, ਕੀਰਤਨ ਮਹਿਮਾ ਅਤੇ ਸੁਰ ਲਿਪੀਆਂ ਵੀ ਸਲਾਘਾਯੋਗ ਸਨ ।

**ਮਲੋਟ** **ਮਹਿੰਦਰ ਸਿੰਘ, ਚੁੰਗੀ ਵਾਲੇ**

☆ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ, ਵਿੱਚ ਲੱਗਪੱਗ 13000 ਪਿੰਡ ਹਨ ਜੇ ਇਹ ਅਨੁਮਾਨ ਲਗਾਇਆ ਜਾਵੇ ਕਿ ਹਰ ਪਿੰਡ ਵਿੱਚ ਦੋ ਗੁਰਦੁਆਰੇ ਹੋਣਗੇ ਤਾਂ ਇਹ ਗਿਣਤੀ 26000, ਤੱਕ ਪੁੱਜ ਜਾਂਦੀ ਹੈ । ਇਸ ਤੋਂ ਇਲਾਵਾ ਜੇ ਸ਼ਹਿਰੀ, ਕਸਬਿਆਂ ਅਤੇ ਪਿੰਡਾਂ ਦੀਆਂ ਲਾਇਬਰੇਰੀਆਂ ਨੂੰ ਗਿਣਤੀ ਵਿੱਚ ਲਿਆ ਜਾਵੇ ਤਾਂ ਇਹ ਅੰਕ 50,000 ਤੱਕ ਪੁੱਜ ਜਾਣਾ ਚਾਹੀਦਾ ਹੈ ।

ਫਿਰ ਪੰਜਾਬ ਅਤੇ ਦੇਸ਼ਾਂ ਵਿਦੇਸ਼ਾਂ ਵਿੱਚ ਰਾਗੀ ਜੱਥੇ ਹਨ ਅਤੇ ਗੁਰਸਿੱਖ ਪ੍ਰੇਮੀ ਵੀ ਜੋ ਕੀਰਤਨ ਕਰਨ, ਸੁਣਨ ਅਤੇ ਉਸ ਸਬੰਧੀ ਜਾਣਕਾਰੀ ਹਾਸਲ ਕਰਨ ਪ੍ਰਤੀ ਰੁੱਚੀ ਰੱਖਦੇ ਹਨ । ਇਸੇ ਲੜੀ ਵਿੱਚ ਸੰਤ ਸੰਪ੍ਰਦਾਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ । ਜਿਨ੍ਹਾਂ ਵੱਲੋਂ ਕਈ ਅਦਾਰੇ ਚਲਾਏ ਜਾਂਦੇ ਹਨ । ਇਸ ਅਨੁਮਾਨ ਅਨੁਸਾਰ ਮਾਸਿਕ "ਅੰਮ੍ਰਿਤ ਕੀਰਤਨ" ਦੀ ਸਰਕੁਲੇਸ਼ਨ ਜਾਂ ਅਸ਼ਾਇਤ ਇੱਕ ਲੱਖ ਤੋਂ ਘੱਟ ਨਹੀਂ ਹੋਣੀ ਚਾਹੀਦੀ । ਇਸ ਰਸਾਲੇ ਦੀ ਨਵੀਂ ਛਪਾਈ, ਦਿੱਖ ਅਤੇ ਸਮੱਗਰੀ ਪੰਜਾਬੀ ਦੇ ਕਿਸੇ ਵੀ ਰਸਾਲੇ ਦਾ ਮੁਕਾਬਲਾ ਕਰ ਸਕਦੀ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਸ ਪੱਖ ਵੱਲ ਭਰਵਾਂ ਹੁੰਗਾਰਾ ਦੇ ਸਕਦੀਆਂ ਹਨ ਕਿਉਂਕਿ ਮਾਸਿਕ "ਅੰਮ੍ਰਿਤ ਕੀਰਤਨ" ਗੁਰਬਾਣੀ ਸੰਗੀਤ ਦੇ ਪ੍ਰਚਾਰ ਹਿਤ ਇਕ ਅਹਿਮ ਹਿੱਸਾ ਪਾ ਰਿਹਾ ਹੈ ।

ਦੇਸ਼ ਵਿਦੇਸ਼ ਵਿੱਚ ਵਸਦੇ ਧਨਾਢ ਸਿੱਖਾਂ ਪਾਸ ਮਾਇਆ ਦੀ ਕੋਈ ਘਾਟ ਨਹੀਂ, ਜੇ ਇਹ ਸਾਲ ਵਿੱਚ ਘੱਟ ਤੋਂ ਘੱਟ ਦੋ ਇਸ਼ਤਿਹਾਰ "ਅੰਮ੍ਰਿਤ ਕੀਰਤਨ" ਵਿੱਚ ਪ੍ਰਕਾਸ਼ਿਤ ਕਰਨ ਲਈ ਵਚਨਬੱਧ ਹੋ ਜਾਣ ਤਾਂ ਹੋ ਸਕਦਾ ਹੈ ਇਹ ਅਨਮੋਲਕ ਰਸਾਲਾ ਛੇਤੀ ਹੀ ਸੁਚਿੱਤਰ ਹੋ ਜਾਵੇ ਅਤੇ ਰੰਗੀਨ ਛਪਣਾ ਆਰੰਭ ਹੋ ਜਾਵੇ । ਦਾਸ ਦੀ ਹੋਰ ਪਾਠਕਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਇਸ ਵਿਸ਼ੇ ਸਬੰਧੀ ਆਪਣੀ ਰਾਏ ਲਿਖ ਕੇ ਭੇਜਣ ।

**ਕਲਕੱਤਾ** **ਹਰਚਰਨ ਸਿੰਘ**

# ਕਰਉ ਬੇਨੰਤੀਆ

## ਸੰਗੀਤ ਮਹਿਮਾ

ਚਾਰ ਪੰਜ ਸਾਲ ਪਹਿਲਾਂ ਦੀ ਗੱਲ ਹੈ ਸ. ਰਾਮ ਸਿੰਘ ਚੰਡੀਗੜ੍ਹ ਦੇ 8 ਸੈਕਟਰ ਵਿੱਚ ਰਹਿੰਦੇ ਸਨ । ਉਹਨਾਂ ਦੀ ਪਤਨੀ ਬਿਮਾਰ ਹੋ ਗਈ । ਪਤਾ ਲੱਗਾ ਕਿ ਦਿਮਾਗ ਨੂੰ ਕੈਂਸਰ ਹੋ ਗਿਆ ਕੋਈ ਇਲਾਜ ਨਹੀਂ, ਮੇਰਾ ਇਸ ਪਰਿਵਾਰ ਨਾਲ ਮੇਲ 34 ਸੈਕਟਰ ਵਿੱਚ ਰਹਿੰਦੇ ਮਾਤਾ ਜੀ ਮਿਸਜ਼ ਕਾਲਰਾ ਹੋਰਾਂ ਕਰਵਾਇਆ ਸੀ । ਫਿਰ ਅੱਗੋਂ ਇਸ ਪਰਿਵਾਰ ਦੇ ਹੋਰ ਸਬੰਧੀਆਂ ਸ. ਗੁਰਪ੍ਰੀਤ ਸਿੰਘ ਦਿੱਲੀ ਵਾਲਿਆਂ ਨਾਲ ਮੇਲ ਹੋਇਆ । ਸਾਰੇ ਹੀ ਕੀਰਤਨ ਦੇ ਰਸੀਏ ਹਨ । ਖੈਰ – ਸ. ਰਾਮ ਸਿੰਘ ਹੋਰਾਂ ਦਾ ਸੁਨੇਹਾ ਮਿਲਿਆ ਕਿ ਮੈਂ ਕਿਸੇ ਦਿਨ ਉਹਨਾਂ ਦੇ ਘਰ ਆਵਾਂ । ਮਿਸਜ਼ ਰਾਮ ਸਿੰਘ ਗੱਲਬਾਤ ਨਹੀਂ ਕਰ ਸਕਦੇ ਸਨ ਪਰ ਜੇ "ਵਾਹਿਗੁਰੂ ਵਾਹਿਗੁਰੂ" ਗਾਉਣ ਲੱਗ ਪਈਏ ਤਾਂ ਉਹ ਨਾਲ ਗਾਉਂਦੇ ਸਨ । ਉਦੋਂ ਅਸੀਂ ਇਸ ਨੂੰ ਵਾਹਿਗੁਰੂ ਦਾ ਕ੍ਰਿਸ਼ਮਾ ਮੰਨਿਆ ਸੀ । ਹੁਣ ਜਦੋਂ ਮੈਂ 'ਓਸ਼ੋ ਟਾਈਮਜ਼' ਪੜ੍ਹ ਰਿਹਾ ਹਾਂ ਤਾਂ ਇਹ ਭੇਦ ਖੁੱਲਾ ਕਿ ਵਾਹਿਗੁਰੂ ਨੇ ਇਹ ਕ੍ਰਿਸ਼ਮਾਂ ਕੇਵਲ ਮਿਸਜ਼ ਰਾਮ ਸਿੰਘ ਹੋਰਾਂ ਨਾਲ ਹੀ ਨਹੀਂ ਵਰਤਾਇਆ ਸਗੋਂ ਉਸ ਨੇ ਹਰ ਮਨੁੱਖ ਦੇ ਦਿਮਾਗ ਦੇ ਦੋ ਹਿੱਸੇ ਬਣਾਏ ਹਨ । ਸੱਜਾ ਦਿਮਾਗ ਅਤੇ ਖੱਬਾ ਦਿਮਾਗ । ਖੱਬਾ ਦਿਮਾਗ ਗੱਲਬਾਤ ਅਤੇ ਤਰਕਪੂਰਨ ਗੱਲਬਾਤ ਦਾ ਸੰਚਾਲਨ ਕਰਦਾ ਹੈ ਅਤੇ ਸੱਜਾ ਦਿਮਾਗ ਸੰਗੀਤ, ਕਵਿਤਾ ਆਦਿ ਨੂੰ ਸੰਚਾਲਤ ਕਰਦਾ ਹੈ । ਦਿਮਾਗ ਦੇ ਖੱਬੇ ਪਾਸੇ ਨੂੰ ਜੇ ਦਵਾਈਆਂ ਨਾਲ ਸੁਆ ਦਿੱਤਾ ਜਾਵੇ ਤਾਂ ਗੱਲਬਾਤ ਅਤੇ ਤਰਕਸ਼ਕਤੀ ਸਮਾਪਤ ਹੋ ਜਾਂਦੀ ਹੈ ਪਰ ਉਸ ਦੀ ਸੰਗੀਤ ਨੂੰ ਸਮਝਣ ਅਤੇ ਗਾਣਾ ਗਾਉਣ ਦੀ ਸਮਰੱਥਾ ਕਾਇਮ ਰਹਿੰਦੀ ਹੈ । ਇਹ ਤਜਰਬਾ ਇਹ ਸਿੱਧ ਕਰਦਾ ਹੈ ਕਿ ਸ਼ਬਦ ਅਤੇ ਸੰਗੀਤ ਵਿੱਚ ਇੰਨਾਂ ਅੰਤਰ ਨਹੀਂ ਜਿੰਨਾਂ ਤਰਕ ਅਤੇ ਭਾਵਾਂ ਵਿੱਚ ਹੈ ।

ਇਸ ਤਰ੍ਹਾਂ ਸੰਗੀਤ ਹੀ ਇੱਕ ਅਜਿਹਾ ਮਾਧਿਅਮ ਹੈ ਜਿਹੜਾ ਬਿਨਾਂ ਕਿਸੇ ਰੁਕਾਵਟ ਦੇ ਮਨੁੱਖੀ ਚੇਤਨਾਂ ਦੀਆ ਡੂੰਘੀਆਂ ਅਤੇ ਅਥਾਹ ਪਰਤਾਂ ਦੇ ਪ੍ਰਭਾਵ ਪਾਉਂਦਾ ਹੈ ਇਸ ਨੂੰ ਅਜਿਹੀ ਭਾਸ਼ਾ ਵੀ ਕਿਹਾ ਜਾ ਸਕਦਾ ਹੈ ਜਿਸ ਨੂੰ ਮਹਿਸੂਸ ਕਰਕੇ ਸਮਝਿਆ ਜਾ ਸਕਦਾ ਹੈ ਪਰ ਇਸਦਾ ਅਨੁਵਾਦ ਨਹੀਂ ਕੀਤਾ ਜਾ ਸਕਦਾ ।

ਹੁਣ ਸੰਗੀਤ ਕੇਵਲ ਮਨੋਰੰਜਨ ਦਾ ਸਾਧਨ ਹੀ ਨਹੀਂ ਰਿਹਾ ਸਗੋਂ ਇਸ ਨਾਲ ਸਾਈਕਾਸਿਸ, ਨਿਉਰਾਸਿਸ, ਡਿਪਰੈਸ਼ਨ, ਤਣਾਉ ਆਦਿ ਮਾਨਸਿਕ ਬਿਮਾਰੀਆਂ ਦਾ ਇਲਾਜ ਵੀ ਕੀਤਾ ਜਾ ਸਕਦਾ ਹੈ । ਭਾਰਤ ਵਿੱਚ ਨੈਸ਼ਨਲ ਇੰਸਟੀਚਿਊਟ ਆਫ ਮੈਂਟਲ ਹੈਲਥ, ਬੰਗਲੌਰ ਵਿੱਚ ਕੀਤੇ ਤਜਰਬੇ ਦੱਸਦੇ ਹਨ ਕਿ ਨਿਊਸਿਸ ਦੇ ਮਰੀਜ਼ਾਂ ਲਈ ਤੰਤੀ – ਸਾਜ਼ ਦਾ ਸੁਰੀਲਾ ਸੰਗੀਤ, ਖਿੰਡੀ ਪੁੰਡੀ ਮਾਨਸਿਕ ਦਸ਼ਾ ਵਾਲੇ ਪਾਗਲ ਮਰੀਜ਼ਾਂ ਲਈ ਤੇਜ਼ ਸੰਗੀਤ ਅਤੇ ਡਿਪਰੈਸ਼ਨ ਦੇ ਮਰੀਜ਼ਾਂ ਲਈ ਉਹਨਾਂ ਦੁਆਰਾ ਗਾਇਆ ਗੀਤ ਫਾਇਦੇਮੰਦ ਹੁੰਦਾ ਹੈ । ਜੇ ਮਰੀਜ਼ ਆਪ ਕੋਈ ਸਾਜ਼ ਵਜਾਏ ਹੋਰ ਬੇਹਤਰ ਇਲਾਜ ਹੋ ਸਕਦਾ ਹੈ ।

ਸਮਾਜਿਕ ਮਾਨਸਿਕਤਾ ਬਾਰੇ ਵਿਚਾਰ ਕਰਦਿਆਂ ਪਤਾ ਲੱਗਾ ਕਿ ਜਿਹੜੇ ਵਿਅਕਤੀਆਂ ਨੂੰ ਰੋਜ਼ ਇੱਕੋ ਜਿਹਾ ਕੰਮ ਕਰਨਾ ਪੈਂਦਾ ਹੈ ਸੰਗੀਤ ਉਹਨਾਂ ਦੀ ਬੋਰੀਅਤ ਦੂਰ ਕਰਦਾ ਹੈ । ਇਹੋ ਕਾਰਨ ਹੈ ਕਿ ਖੇਤਾਂ ਵਿੱਚ ਕੰਮ ਕਰਦੇ ਮਜ਼ਦੂਰ ਕੰਮ ਕਰਦੇ ਹੋਏ ਗੀਤ ਗਾਉਂਦੇ ਹਨ ਇਸ ਨਾਲ ਫਸਲਾਂ ਨੂੰ ਵਧਣ ਫੁੱਲਣ ਵਿੱਚ ਵੀ ਸਹਾਇਤਾ ਮਿਲਦੀ ਹੈ । ਇਹ ਵੀ ਵੇਖਿਆ ਗਿਆ ਹੈ ਕਿ ਜਿਹੜੀਆਂ ਫਸਲਾਂ, ਬੂਟਿਆਂ ਅਤੇ ਬ੍ਰਿਛਾਂ ਨੂੰ ਸੰਗੀਤ ਸੁਣਾਇਆ ਜਾਂਦਾ ਹੈ ਉਹ ਛੇਤੀ ਹੀ ਵਿਕਸਿਤ ਹੁੰਦੇ ਹਨ ਉਹਨਾਂ ਨੂੰ ਬਿਮਾਰੀਆਂ ਵੀ ਘੱਟ ਲੱਗਦੀਆਂ ਹਨ ।

ਕਸਰਤ ਕਰਦਿਆਂ ਸੰਗੀਤ ਸੁਣਿਆ ਜਾਵੇ ਤਾਂ ਹਿਰਦੇ ਦੀ ਗਤੀ ਅਤੇ ਬਲੱਡ-ਪ੍ਰੈਸ਼ਰ ਨਾਰਮਲ ਰਹਿੰਦੇ ਹਨ । ਦਰਦਨਾਕ ਅਪ੍ਰੇਸ਼ਨ ਦੌਰਾਨ ਜੇ ਸੰਗੀਤ ਸੁਣਾਇਆ ਜਾਵੇ ਤਾਂ ਮਰੀਜ਼ ਚੰਗਾ ਮਹਿਸੂਸ ਕਰਦਾ ਹੈ ਅਤੇ ਆਪ੍ਰੇਸ਼ਨ ਦਾ ਸਾਈਡ ਅਫੈਕਟ ਵੀ ਘੱਟ ਹੁੰਦਾ ਹੈ ।

ਤਿੱਬਤ ਵਿੱਚ ਸੱਤ ਧਾਤੂਆਂ ਦੇ ਬਣੇ ਕਟੋਰਿਆਂ ਦੀਆਂ ਧੁਨੀਆਂ ਨਾਲ ਕਈ ਰੋਗਾਂ ਦਾ ਇਲਾਜ ਹੁੰਦਾ ਹੈ । ਸੰਗੀਤ ਅਤੇ ਮਨੁੱਖੀ ਸਰੀਰ ਦੇ ਸਬੰਧ ਬਾਰੇ ਓਸ਼ੋ ਦਾ ਕਥਨ ਹੈ " ਤੁਹਾਡਾ ਸਰੀਰ ਵੀ ਇੱਕ ਸਾਜ਼ ਹੈ । ਉਸ ਨੂੰ ਲੈਅ-ਬੱਧਤਾ ਦੀ ਲੋੜ ਹੈ । ਜਦੋਂ ਸਰੀਰ ਦੀ ਲੈਅ-ਬੱਧਤਾ ਹੈ ਤਾਂ ਤੁਸੀਂ ਬਿਮਾਰ ਹੋ ਜਾਂਦੇ ਹੋ । ਜਦੋਂ ਸੰਗੀਤ ਸੁਣਦੇ ਹੋ ਤਾਂ ਚੰਗੇਰਾ ਮਹਿਸੂਸ ਕਰਦੇ ਹੋ । ਕਾਰਣ ਇਹ ਹੈ ਕਿ ਤੁਹਾਡੇ ਸਰੀਰ ਦਾ ਖ਼ਾਸਾ ਸੰਗੀਤਮਈ ਹੈ ।

ਗੁਰਬਾਣੀ ਵਿੱਚ ਮਨੁੱਖ ਸਰੀਰ, ਸੰਗੀਤ ਅਤੇ ਕੀਰਤਨ ਦੇ ਸੰਬੰਧ ਵਿੱਚ ਅਨੇਕਾਂ ਫੁਰਮਾਨ ਆਏ ਹਨ । ਮਨੁੱਖੀ ਸਰੀਰ ਨੂੰ ਰਬਾਬ ਅਤੇ ਜੰਤ ਅਰਥਾਤ ਸਾਜ਼ ਨਾਲ ਤੁਲਨਾ ਦਿੱਤੀ ਗਈ ਹੈ । ਕੀਰਤਨ ਕਈ ਬਿਮਾਰੀਆਂ ਦਾ ਇਲਾਜ ਕਰਦਾ ਹੈ ।

ਹਰਿ ਕੀਰਤਨ ਸੁਣੈ ਹਰਿ ਕੀਰਤਨ ਗਾਵੈ ॥
ਤਿਸੁ ਜਨ ਦੂਖੁ ਨਿਕਟਿ ਨਹੀਂ ਆਵੈ ॥ (190)
ਵੈਰ ਵਿਰੋਧ ਮਿਟੈ ਤਿਹ ਮਨ ਤੇ,
ਹਰਿ ਕੀਰਤਨ ਗੁਰਮਖਿ ਜੋ ਸੁਨਤੇ ॥ (259)

ਪਰ ਅਜੇ ਗੁਰਬਾਣੀ ਕੀਰਤਨ ਦੇ ਪ੍ਰਭਾਵਾਂ ਬਾਰੇ ਹੋਰ ਖੋਜ ਕਰਨ ਦੀ ਲੋੜ ਹੈ ਇਸ ਪਾਸੇ ਕੌਣ ਧਿਆਨ ਦੇਵੇਗਾ ?

ਸੰਪਾਦਕ [signature]

ਸ਼ੰਨੋ ਬਿਜਲਾਨੀ

# ਬੱਚਾ ਅਤੇ ਸੰਗੀਤ

**ਬੱ**ਚੇ ਤਾਂ ਮੋਮ ਵਾਂਗ ਹੁੰਦੇ ਹਨ । ਉਨ੍ਹਾਂ ਨੂੰ ਕਿਸੇ ਸਾਂਚੇ ਵਿਚ ਢਾਲ ਲਵੋ । ਤੁਸੀਂ ਬੱਚਿਆਂ ਨੂੰ ਜਿਹੋ ਜਿਹਾ ਵਾਤਾਵਰਣ ਪ੍ਰਦਾਨ ਕਰੋਗੇ, ਉਹ, ਉਹੋ ਜਿਹਾ ਹੀ ਬਣ ਜਾਣਗੇ ।

ਹਰੇਕ ਇਨਸਾਨ ਕਲਾਕਾਰ ਹੈ । ਇਹ ਗੱਲ ਵੱਖਰੀ ਹੈ ਕਿ ਕਿਸੇ ਖਾਸ ਕਾਰਨ ਕਰਕੇ ਉਸ ਦੀ ਕਲਾ ਦਾ ਵਿਕਾਸ ਨਹੀਂ ਹੁੰਦਾ ਪਰ ਬਚਪਨ ਵਿੱਚ ਹੀ ਕਲਾ ਬਾਰੇ ਉਸ ਦੇ ਰੁਝਾਨ ਦਾ ਪਤਾ ਲਗ ਜਾਂਦਾ ਹੈ । ਆਮ ਤੌਰ 'ਤੇ ਛੋਟੇ ਬੱਚਿਆਂ ਦਾ ਸੰਗੀਤ ਵੱਲ ਵਧੇਰੇ ਰੁਝਾਨ ਹੁੰਦਾ ਹੈ ।

ਹੋ ਸਕਦਾ ਹੈ ਕਿ ਬੱਚੇ ਵਿਚ ਸੰਗੀਤ ਪ੍ਰਤੀ ਇਹ ਰੁਝਾਨ ਮਾਂ ਦੀ ਲੋਰੀ ਤੋਂ ਹੀ ਸ਼ੁਰੂ ਹੁੰਦਾ ਹੋਵੇ । ਨੌਂ ਸਾਲ ਦੀ ਉਮਰ ਤੱਕ ਦੇ ਬੱਚਿਆਂ ਦੀਆਂ ਸੰਗੀਤ ਸਬੰਧੀ ਕਲਾਸਾਂ ਲੈਣ ਵਿਚ ਕੋਈ ਮੁਸ਼ਕਿਲ ਨਹੀਂ ਆਉਂਦੀ ਕਿਉਂਕਿ ਉਨ੍ਹਾਂ ਦੇ ਸਰੀਰਾਂ ਵਿਚ ਕੁਦਰਤੀ ਤੌਰ 'ਤੇ ਲੈਅ ਅਤੇ ਤਾਲ ਦਾ ਮੇਲ ਹੁੰਦਾ ਹੈ । ਜਿਵੇਂ ਹੀ ਕਿਸੇ ਸਾਜ਼ ਤੋਂ ਸੁਰ ਛੇੜੋ, ਬੱਚਿਆਂ ਦੇ ਸਰੀਰ ਆਪਣੇ ਆਪ ਠੀਕ ਤਾਲ 'ਤੇ ਹਰਕਤ ਵਿਚ ਆ ਜਾਣਗੇ ।

ਆਮ ਤੌਰ 'ਤੇ ਵਿਚਾਰਨਯੋਗ ਹੈ ਕਿ ਉਹ ਆਪਣੀ ਰੁਚੀ ਦਾ ਲਗਾਤਾਰ ਵਿਕਾਸ ਕਿਉਂ ਨਹੀਂ ਕਰ ਸਕੇ ।

ਅਸਲ ਵਿਚ ਸੰਗੀਤ ਦਾ ਕੁਦਰਤ ਵਲੋਂ ਇੱਕ ਅਨਮੋਲ ਤੋਹਫਾ ਹੈ । ਬੱਚਾ ਜਿੰਨਾ ਮਰਜ਼ੀ ਵੱਡਾ ਕਿਉਂ ਨਾ ਹੋ ਜਾਵੇ, ਉਹ ਚੇਤਨ ਜਾਂ ਅਚੇਤਨ ਰੂਪ ਵਿਚ ਸੰਗੀਤ ਨਾਲ ਜੁੜਿਆ ਰਹਿੰਦਾ ਹੈ ।

ਸੰਗੀਤ ਅਧਿਆਪਕਾਂ ਦਾ ਕਹਿਣਾ ਹੈ ਕਿ ਇਹ ਗੱਲ ਵਧੀਆ ਹੁੰਦੀ ਹੈ ਕਿ ਬੱਚਿਆਂ ਨੂੰ ਬਹੁਤ ਛੋਟੀ ਉਮਰੇ ਹੀ ਸੰਗੀਤ ਸਿੱਖਣ ਦਾ ਮੌਕਾ ਦਿੱਤਾ ਜਾਵੇ । ਇਸੇ ਤਰ੍ਹਾਂ ਦੀ ਉਦਾਹਰਣ ਹੈ- 11 ਸਾਲ ਦਾ ਸ੍ਰੀਧਰ ਪਾਰਥਾਸਾਰਥੀ ਜੋ ਕਿ ਸਿੰਦਾਰਮ ਦਾ ਮਾਹਿਰ ਹੈ । ਉਸ ਦੀ ਮਾਤਾ ਲਕਸ਼ਮੀ ਪਾਰਥਾਸਾਰਥੀ ਦਾ ਕਹਿਣਾ ਹੈ, ਸ੍ਰੀਧਰ ਅਕਸਰ ਡਾਈਨਿੰਗ ਟੇਬਲ 'ਤੇ ਜਾਂ ਬਾਲਟੀਆ ਨੂੰ ਪੁੱਠਾ ਕਰਕੇ ਵਜਾਇਆ ਕਰਦਾ ਸੀ । ਉਸ ਦੀ ਇਸੇ ਰੁਚੀ ਨੂੰ ਦੇਖ ਕੇ ਮੈਂ ਉਸ ਨੂੰ ਸਿੰਦਾਰਮ ਸਿੱਖਣ ਲਈ ਪ੍ਰੇਰਿਤ ਕੀਤਾ ਅਤੇ ਉਹ ਛੇ ਸਾਲ ਦੀ ਉਮਰ ਤੋਂ ਹੀ ਸਿੰਦਾਰਾਮ ਵਿਚ ਮੁਹਾਰਤ ਹਾਸਲ ਕਰ ਰਿਹਾ ਹੈ । ਉਸ ਦਾ ਛੋਟਾ ਭਰਾ ਸੱਤ ਸਾਲ ਦੀ ਉਮਰ ਤੋਂ ਵਾਈਲਿਨ ਵਜਾਉਣ ਸਿੱਖ ਰਿਹਾ ਹੈ ।

ਲਕਸ਼ਮੀ ਪਾਰਥਾਸਾਰਥੀ ਖੁਦ ਕਰਨਾਟਕ ਦੀ ਰਹਿਣ ਵਾਲੀ ਹੈ ਅਤੇ ਉਨ੍ਹਾਂ ਦੇ ਪ੍ਰੋਗਰਾਮ ਅਕਸਰ

## ਜ਼ਰੂਰੀ ਬੇਨਤੀ

*ਮਨੀਆਰਡਰ ਭੇਜਣ ਸਮੇਂ ਸੁਨੇਹੇ ਵਾਲੀ ਚਿੱਟ ਤੇ ਆਪਣਾ ਨਾਮ, ਪੂਰਾ ਪਤਾ, ਰਕਮ, ਮੰਤਵ ਅਤੇ ਪੁਰਾਣੇ ਮੈਂਬਰ ਆਪਣਾ ਚਿੱਟ ਨੰਬਰ ਜਰੂਰ ਲਿਖਣ ਦੀ ਕਿਰਪਾ ਕੀਤਾ ਕਰਨ ਜੀ ।*

*ਸੰਪਾਦਕ*

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**"ਗੁਰਸਿੱਖ ਸੰਜੋਗ '**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ, ਪੂਸਾ ਰੋਡ, ਨਵੀਂ ਦਿੱਲੀ-110 060 ਫੋਨ : 5735955

ਰੇਡੀਓ ਤੋਂ ਪ੍ਰਸਾਰਿਤ ਹੁੰਦੇ ਹਨ ।

ਇਸੇ ਤਰ੍ਹਾਂ ਤਰਜ਼ ਮਾਹਿਰ ਅਤੇ ਸੰਗੀਤ ਅਧਿਆਪਕ ਪ੍ਰੇਮ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ ਹਰ ਕੋਈ ਆਪਣੇ ਬੱਚਿਆਂ ਨੂੰ ਲਕਸ਼ਮੀ ਪਾਰਥਾਸਾਰਥੀ ਵਾਂਗ ਪ੍ਰੇਰਿਤ ਨਹੀਂ ਕਰ ਸਕਦਾ ਪਰ ਜਿਹੜੇ ਬੱਚੇ ਛੋਟੀ ਉਮਰੇ ਹੀ ਸੰਗੀਤ ਦਾ ਆਨੰਦ ਮਾਣ ਸਕਦੇ ਹਨ, ਉਹ ਵੱਡੇ ਹੋ ਕੇ ਸੰਗੀਤ ਦੀ ਵਿੱਦਿਆ ਵਿਚ ਮੁਹਾਰਤ ਹਾਸਲ ਕਰ ਸਕਦੇ ਹਨ ।

ਆਮ ਤੌਰ 'ਤੇ ਬਹੁਤ ਛੋਟੇ ਬੱਚੇ ਤਾੜੀਆਂ ਮਾਰਨ ਵਾਲੇ ਖਿਡੌਣਿਆਂ ਨੂੰ ਦੇਖ ਕੇ ਖੁਸ਼ੀ ਮਹਿਸੂਸ ਕਰਦੇ ਹਨ । ਜਦੋਂ ਕਿ ਵੱਡੇ ਬੱਚੇ ਸੰਗੀਤ ਦੇ ਵੱਖ ਵੱਖ ਸਾਜ਼ਾਂ ਨਾਲ ਆਨੰਦ ਮਾਣ ਸਕਦੇ ਹਨ ।

ਹਿੰਦੁਸਤਾਨੀ ਸੰਗੀਤ ਅਧਿਆਪਕ ਦਾ ਕਹਿਣਾ ਹੈ, "ਤੁਸੀਂ ਆਪਣੇ ਬੱਚਿਆਂ ਨਾਲ ਹਰ ਕਿਸਮ ਦੇ ਸੰਗੀਤ ਦਾ ਆਨੰਦ ਮਾਣ ਸਕਦੇ ਹੋ । ਚਾਹੇ ਉਹ ਫਿਲਮੀ ਗੀਤ ਹੋਣ, ਚਾਹੇ ਉਹ ਭਜਨ ਹੋਣ ਜਾਂ ਫਿਰ ਪੱਛਮੀ ਜਾਂ ਹਿੰਦੁਸਤਾਨੀ ਮਿਊਜ਼ਿਕ ।" ਪਰ ਬੱਚੇ ਹਿੰਦੁਸਤਾਨੀ ਸੰਗੀਤ ਦੇ ਮੁਕਾਬਲੇ ਪੱਛਮੀ ਸੰਗੀਤ ਵਧੇਰੇ ਸਮਝ ਸਕਦੇ ਹਨ, ਕਿਉਂਕਿ ਹਿੰਦੁਸਤਾਨੀ ਸੰਗੀਤ ਇੰਨਾ ਗੂੜ੍ਹ ਹੈ ਕਿ ਇਸ ਨੂੰ ਸਮਝੇ ਬਿਨਾਂ ਇਸ ਦਾ ਆਨੰਦ ਮਾਣਨਾ ਕਠਿਨ ਹੈ ।

ਬੱਚਿਆਂ ਦੀ ਰੁਚੀ ਨੂੰ ਜਾਣਨ ਦਾ ਇੱਕ ਵਧੀਆ ਤਰੀਕਾ ਇਹ ਵੀ ਹੈ ਕਿ ਬੱਚਿਆਂ ਨੂੰ ਫਿਲਮੀ ਗਾਣੇ ਜਾਂ ਛੋਟੀਆਂ ਫਿਲਮਾਂ ਜਾਂ ਵਿਗਿਆਪਨ ਦੁਹਰਾਓ ਲਈ ਕਿਹਾ ਜਾਵੇ । ਜੇਕਰ ਉਹ ਠੀਕ ਗਾ ਸਕਦਾ ਹੈ ਤਾਂ ਸੰਗੀਤ ਵਿਚ ਮੁਹਾਰਿਤ ਹਾਸਲ ਕਰ ਸਕਦਾ ਹੈ । ਕੀ ਉਹ ਠੀਕ ਗਾ ਸਕਦਾ ਹੈ ? ਕੀ ਉਹ ਸੰਗੀਤ ਦੇ ਨਾਲ ਨੱਚ ਵੀ ਸਕਦਾ ਹੈ ? ਉਹ ਸਾਜ਼ ਤੇ ਦੱਸੀ ਗਈ ਰਿਦਮ ਠੀਕ ਢੰਗ ਨਾਲ ਵਜਾ ਸਕਦਾ ਹੈ ? ਇਹ ਗੱਲਾਂ ਉਸ ਦੀ ਰੁਚੀ ਨੂੰ ਦਰਸਾ ਸਕਦੀਆਂ ਹਨ । ਇਹ ਗੱਲ ਵੱਖਰੀ ਹੈ ਕਿ ਬੱਚੇ ਨੂੰ ਰਿਦਮ ਸਬੰਧੀ ਕਿੰਨਾ ਕੁ ਗਿਆਨ ਹੈ ।

ਬੱਚਿਆਂ ਲਈ ਸੰਗੀਤ ਅਧਿਆਪਕ ਦਾ ਪ੍ਰਬੰਧ ਕਰਨਾ ਵੀ ਸੌਖਾ ਕੰਮ ਨਹੀਂ ਹੈ । ਪੱਛਮੀ ਸੰਗੀਤ ਸਬੰਧੀ ਤਾਂ ਡਿਪਲੋਮੇ ਜਾਂ ਡਿਗਰੀਆਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ ਪਰ ਭਾਰਤੀ ਸੰਗੀਤ ਸਬੰਧੀ ਵੱਖ ਹੀ ਪ੍ਰੰਪਰਾ ਹੈ । ਇੱਥੇ ਗੁਰੂ ਸ਼ਿਸ਼ ਦੀ ਪ੍ਰੰਪਰਾ ਹਾਲੇ ਵੀ ਅਨੇਕਾਂ ਥਾਂਵਾਂ 'ਤੇ ਚਲਦੀ ਹੈ । ਜ਼ਿੰਦਗੀ ਦਾ ਬਹੁਤ ਸਾਰਾ ਹਿੱਸਾ ਇੱਕੋ ਕਲਾ ਦੇ ਲੇਖੇ ਲਗਾ ਦੇਣਾ ਪੈਂਦਾ ਹੈ । ਪਰ ਅਜੋਕੇ ਸਮੇਂ ਵਿਚ ਅਜਿਹਾ ਕਰਨਾ ਕਾਫੀ ਔਖਾ ਹੈ । ਅਧਿਆਪਕ ਦੀ ਚੋਣ ਕਰਨ ਵੇਲੇ ਇਹ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ ਕਿ ਕਲਾਸ ਵਿਚ ਬੱਚੇ ਦੀ ਦਿਲਚਸਪੀ ਦਾ ਧਿਆਨ ਵੀ ਰੱਖਿਆ ਜਾ ਰਿਹਾ ਹੈ ਜਾਂ ਨਹੀਂ ।

ਬੱਚੇ ਨੂੰ ਸੰਗੀਤ ਸਿੱਖਿਆ ਦਿਵਾਉਣ ਸਬੰਧੀ ਇਹ ਵੀ ਧਿਆਨ ਵਿਚ ਰੱਖਣਾ ਪੈਂਦਾ ਹੈ ਕਿ ਬੱਚਾ ਸਰੀਰਕ ਅਤੇ ਮਾਨਸਿਕ ਤੌਰ 'ਤੇ ਤਿਆਰ ਵੀ ਹੈ ।

ਡਾ. ਰਾਨਾਡੇ ਦਾ ਕਹਿਣਾ ਹੈ ਕਿ ਬੱਚਾ ਸਾਜ਼ ਉਤੇ ਸੁਰਾਂ ਤਾਂ ਸਿੱਖ ਲਵੇਗਾ, ਪਰ ਉਸ ਨੂੰ ਪੜ੍ਹਨਾ ਲਿਖਣਾ ਵੀ ਆਉਣਾ ਚਾਹੀਦਾ ਹੈ ਤਾਂ ਕਿ ਉਹ


**The Sikh Courier**

**88 Mollison Way, Edgware Middlesex**
**(Greator London) U.K.**

**The Sikh Review**

**116 Karnani Mansion**
**25-A, Park Steet, Calcutta 700016**

ਅਧਿਆਪਕ ਦੇ ਦਿੱਤੇ "ਲੈਸਨ" ਨੂੰ ਪੜ੍ਹ ਸਕੇ ਅਤੇ ਦਿੱਤੀਆਂ ਹਦਾਇਤਾਂ ਨੂੰ ਸਮਝ ਸਕੇ । ਇਸ ਲਈ ਵਧੀਆ ਇਹੀ ਹੁੰਦਾ ਹੈ ਕਿ ਬੱਚੇ ਨੂੰ ਅੱਠ ਸਾਲ ਦੀ ਉਮਰ ਹੋਣ 'ਤੇ ਹੀ ਸੰਗੀਤ ਸਿੱਖਿਆ ਆਰੰਭ ਕਰਵਾਈ ਜਾਵੇ ।

ਤਬਲਾ ਅਧਿਆਪਕ ਅਸ਼ੋਕ ਗੋਡਬੋਲੇ ਦਾ ਕਹਿਣਾ ਹੈ ਕਿ ਪੰਜ ਸਾਲ ਦਾ ਬੱਚਾ ਇੱਕ ਜਾਂ ਦੋ ਸਾਲ ਸਿੱਖ ਦੇ ਤਬਲੇ ਵਿੱਚ ਮੁਹਾਰਿਤ ਹਾਸਿਲ ਕਰਦਾ ਹੈ, ਜਦੋਂ ਕਿ ਅੱਠ ਸਾਲ ਦਾ ਬੱਚਾ ਇਹੀ ਮੁਹਾਰਿਤ ਇੱਕ ਜਾਂ ਦੋ ਮਹੀਨੇ ਸਿੱਖ ਕੇ ਹੀ ਕਰ ਲੈਂਦਾ ਹੈ ।

ਸੰਗੀਤ ਸਬੰਧੀ ਇਹ ਵੀ ਧਿਆਨ ਰੱਖਣਾ ਪੈਂਦਾ ਹੈ ਕਿ ਕਲਾਸਾਂ ਲਗਾਉਣ ਲਈ ਆਰਥਿਕ ਪੱਖੋਂ ਕਿੰਨੀ ਕੁ ਸਮਰੱਥਾ ਹੈ । ਇਕੱਲੇ ਤੌਰ 'ਤੇ ਵਧੇਰੇ ਫੀਸ ਦੇਣੀ ਪੈਂਦੀ ਹੈ । ਜਦੋਂ ਕਿ ਗਰੁੱਪ ਵਿੱਚ ਇਹੀ ਫੀਸ ਕਾਫੀ ਘੱਟ ਹੋ ਜਾਂਦੀ ਹੈ । ਇਸ ਤੋਂ ਇਲਾਵਾ ਗਰੁੱਪ ਵਿੱਚ ਬੱਚਿਆਂ ਨੂੰ ਦੂਜਿਆਂ ਦੀਆਂ ਗਲਤੀਆਂ ਹੋਣ 'ਤੇ ਆਪਣੀਆਂ ਕਮੀਆਂ ਬਾਰੇ ਵੀ ਪਤਾ ਲਗਦਾ ਹੈ ।

ਇਹ ਵੀ ਇਕ ਮਹੱਤਵਪੂਰਨ ਪ੍ਰਸ਼ਨ ਹੈ ਕਿ ਬੱਚੇ ਨੂੰ ਪ੍ਰੈਕਟਿਸ ਲਈ ਕਿਵੇਂ ਪ੍ਰੇਰਿਤ ਕੀਤਾ ਜਾ ਸਕਦਾ ਹੈ । 13 ਸਾਲਾ ਅਦਾਤਿਬ ਲਾਡੂ ਦਾ ਕਹਿਣਾ ਹੈ ਕਿ "ਉਹ ਤਬਲੇ ਨੂੰ ਹਰ ਰੋਜ਼ ਇਕ ਘੰਟਾ ਜ਼ਰੂਰ ਦਿੰਦਾ ਹੈ । ਬੇਸ਼ਕ ਉਸ ਨੇ ਇਸ ਨੂੰ ਵਪਾਰਕ ਤੌਰ 'ਤੇ ਨਹੀਂ ਲੈਣਾ, ਪਰ ਇਹ ਪ੍ਰੈਕਟਿਸ ਉਸ ਦੀ ਜ਼ਿੰਦਗੀ ਦਾ ਹਿੱਸਾ ਬਣ ਚੁੱਕੀ ਹੈ ।"

ਇਸੇ ਤਰ੍ਹਾਂ ਇਕ ਹੋਰ ਬੱਚੇ ਜਾਲ ਡਾਮਕੇਵਲਾ ਦਾ ਕਹਿਣਾ ਹੈ ਸਕੂਲ ਦਾ ਕੰਮ ਜ਼ਿਆਦਾ ਮਿਲਣ ਕਰਕੇ ਉਹ ਖੁਦ ਪ੍ਰੈਕਟਿਸ ਪੂਰੀ ਤਰ੍ਹਾਂ ਨਹੀਂ ਕਰ ਸਕਦਾ ਪਰ ਉਹ ਆਪਣੀ ਅਧਿਆਪਕਾ ਜਿੰਨੀ ਡਿਨਸ਼ਾਅ ਦੇ ਕਹਿਣ 'ਤੇ ਕੁਝ ਸਮਾਂ ਫਿਰ ਵੀ ਸੰਗੀਤ ਨੂੰ ਦੇ ਰਿਹਾ ਹੈ ਅਤੇ ਡਾਮਕੇਵਲਾ ਹੁਣ ਕਾਲਜ ਦਾ ਵਿਦਿਆਰਥੀ ਹੈ ਅਤੇ ਨਾਲ ਹੀ ਬੰਬੇ ਚੈਂਬਰ ਆਰਕੈਸਟਰਾ ਲਈ ਸਾਜ਼ ਵਜਾਉਂਦਾ ਹੈ ।

ਸੰਗੀਤ ਅਧਿਆਪਕ ਨੀਲਾ ਭਾਗਵਤ ਦਾ ਕਹਿਣਾ ਹੈ, "ਮਾਪਿਆਂ ਨੂੰ ਵੀ ਬੱਚਿਆਂ ਅਤੇ ਅਧਿਆਪਕਾਂ ਦੇ ਆਪਸੀ ਸਬੰਧਾਂ ਦਾ ਪਤਾ ਹੋਣਾ ਚਾਹੀਦਾ ਹੈ । ਜੇਕਰ ਬੱਚੇ ਦੀ ਸੰਗੀਤ ਦੀ ਸਿੱਖਿਆ ਦੇਣਾ ਪੈਸਾ ਅਤੇ ਧਨ ਦੋਵੇਂ ਬਰਬਾਦ ਕਰਨ ਵਾਲੀ ਗੱਲ ਹੈ ।

ਸਿਆਣਪ ਇਸ ਗੱਲ ਵਿਚ ਨਹੀਂ ਕਿ ਬੱਚੇ ਨੂੰ ਜ਼ੋਰ ਜਬਰਦਸਤੀ ਨਾਲ ਕੀ ਬਣਾਇਆ ਜਾਵੇ ? ਸਗੋਂ ਸਿਆਣਪ ਇਸ ਗੱਲ ਵਿਚ ਹੈ ਕਿ ਬੱਚੇ ਦੀ ਰੁਚੀ ਦੀ ਪਹਿਚਾਣ ਕੀਤੀ ਜਾਵੇ ।

ਡਾ. ਰਾਨਾਡੇ ਦਾ ਕਹਿਣਾ ਹੈ, "ਬੱਚਿਆਂ ਨੂੰ ਇਹ ਨਹੀਂ ਮਹਿਸੂਸ ਹੋਣਾ ਚਾਹੀਦਾ ਹੈ ਕਿ ਸੰਗੀਤ ਵਾਧੂ ਭਾਰ ਜਿਹਾ ਹੈ । ਸਗੋਂ ਬੱਚਿਆਂ ਨੂੰ ਇਸ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ । ਆਖਿਰ ਮਾਪਿਆਂ ਦਾ ਮੰਤਵ ਤਾਂ ਬੱਚਿਆਂ ਵਿੱਚ ਇਸ ਕੁਦਰਤ ਦੀ ਦਾਤ ਦਾ ਵਿਕਾਸ ਕਰਨਾ ਹੈ । ਪਿਆਰ ਪੈਦਾ ਕਰਨਾ ਹੈ ।"

*(ਪੇਸ਼ - ਲਖਵਿੰਦਰ ਲਾਲੀ)*


**ਗੁਰਮਤਿ ਸੰਗੀਤ ਵਿਸ਼ੇਸ਼ ਅੰਕ**

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉੜੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*ਅੰਮ੍ਰਿਤ ਕੀਰਤਨ ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

# ਮਨ ਪਰਦੇਸੀ

## ਕਿਸ ਪਹਿ ਖੋਹਲੂੰ ਗੰਠੜੀ

ਆਪ ਦਾ ਕਾਲਮ 'ਕਰਉ ਬੇਨੰਤੀਆਂ' ਪੂਰੀ ਤਰ੍ਹਾਂ ਸਚਾਈ ਭਰਪੂਰ ਤੇ ਇਕ ਸੱਚੇ ਦਿਲ ਦੀ ਵੇਦਨ ਕਹਿੰਦਾ ਹੈ। ਹਰ ਵਾਰੀ ਪੜ੍ਹਕੇ ਸਲਾਹੁੰਦੀ ਹਾਂ ਚੁੱਪਚਾਪ ਕਿ ਆਖਿਰ ਕੋਈ ਤਾਂ ਬਹਾਦਰ ਆਤਮਾ ਹੈ ਜਿਸ ਵਿੱਚ ਇਹ ਹਿੰਮਤ ਹੈ ਜੋ ਆਪਣੀਆਂ ਤਰੁਟੀਆਂ ਵੀ ਕਹਿ ਸਕੇ ਤੇ ਦੂਸਰਿਆਂ ਦੀਆਂ ਖਾਮੀਆਂ ਵੀ - ਉਹ ਖਾਮੀਆਂ ਜੋ ਸਾਡੇ ਧਰਮ, ਸਾਡੇ ਸਮਾਜ ਦੀ ਗਿਰਾਵਟ ਦੀਆਂ ਜ਼ਿੰਮੇਦਾਰ ਹਨ ਸਾਡੇ moral ਨੂੰ ਗਿਰਾ ਕੇ ਸਾਨੂੰ ਗਿਰਾਂਦੀਆਂ ਹਨ। ਸੋ ਉਸ ਨਿਰਭੈ ਕਲਮ ਤੇ ਉਸ ਬਹਾਦਰ ਲਿਖਾਰੀ ਨੂੰ ਮੇਰਾ ਸਤਿਕਾਰ।

ਇਕ ਸਵਾਲ ਮੇਰਾ-ਕੀ ਤੁਸੀਂ ਮੇਰੀਆਂ ਉਸ ਤੋਂ ਵੀ ਜ਼ਿਆਦਾ ਕੌੜੀਆਂ ਸਚਾਈਆਂ ਛਾਪਣ ਦੀ ਵੀ ਹਿੰਮਤ ਰੱਖਦੇ ਹੋ ? ਜੇ ਰੱਖਦੇ ਹੋ ਤਾਂ ਮੇਰਾ ਇਹ ਆਰਟੀਕਲ ਉਪਰ ਲਿਖੇ ਪੈਰੇ ਸਮੇਤ ਛਾਪ ਦੇਣਾ ਜੀ। ਅੱਜ ਦੇ ਕਈ ਰਾਗੀ ਕੀਰਤਨ ਵੇਲੇ-ਰਾਗ, ਕੀਰਤਨ ਦੀ ਮਰਯਾਦਾ, ਕੀਰਤਨ ਰਾਹੀਂ ਪ੍ਰਭੂ ਨਾਲ ਜੁੜਨਾ ਤੇ ਜੋੜਨਾ ਤਾਂ ਭੁੱਲ ਹੀ ਚੁੱਕੇ ਹਨ। ਪੈਸਾ ਕਮਾਉਣ ਦਾ ਟੀਚਾ ਸਾਹਮਣੇ ਰੱਖਕੇ ਉਹ ਕੀਰਤਨ ਕਰ ਰਹੇ ਹਨ। ਕੀਰਤਨ ਦੀ ਖਾਤਿਰ ਕੀਰਤਨ ਕਰਨ ਵਾਲੇ ਪਵਿੱਤਰ ਮੁੱਖ ਤਾਂ ਬਹੁਤ ਹੀ ਥੋੜੇ ਦਿਖਾਈ ਦਿੰਦੇ ਹਨ। ਜੋ ਦਿਖਾਈ ਦਿੰਦੇ ਹਨ ਉਨ੍ਹਾਂ ਤੇ ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਹੈ। ਉਹ ਜਦੋਂ ਕੀਰਤਨ ਕਰਦੇ ਹਨ ਤਾਂ ਦਾਤਾ ਆਪ ਆ ਕੇ ਉਨ੍ਹਾਂ ਦੀ ਅਵਾਜ਼ ਵਿਚ ਅਵਾਜ਼ ਪਾ ਕੇ ਸ਼ਬਦ ਗਾਇਨ ਕਰਦਾ ਹੈ ਤੇ ਉਨ੍ਹਾਂ ਰਾਗੀਆਂ ਦੇ ਅੱਗੇ ਸਿਰ ਸ਼ਰਧਾ ਨਾਲ ਝੁਕ ਜਾਂਦਾ ਹੈ।

ਸਾਨੂੰ, ਸਾਡੇ ਪਰਿਵਾਰ ਵਿਚ ਮੰਮੀ, ਪਾਪਾ ਨੇ ਸ਼ੁਰੂ ਤੋਂ ਇਹ ਵਿਸ਼ਵਾਸ਼ ਸਾਡੇ ਦਿਮਾਗ, ਦਿਲ ਵਿਚ ਭਰ ਦਿਤਾ ਸੀ ਕਿ ਸੰਤ ਤੇ ਕੀਰਤਨ ਕਰਨ ਵਾਲੇ ਗੁਰਮੁਖ ਨੂੰ ਸਦਾ ਇਹੀ ਸਮਝ ਕੇ ਨਮਸਕਾਰ ਕਰਨਾ ਕਿ ਅਕਾਲ ਪੁਰਖ ਨੂੰ ਨਮਸਕਾਰ ਕਰ ਰਹੇ ਹੋ ਤੇ ਉਹ ਆਮ ਇਨਸਾਨ ਤੋਂ ਬਹੁਤ ਹੀ ਉਚੇ ਹਨ। ਅਸੀਂ ਬਚਪਨ ਤੋਂ ਇਹੀ ਕਰਦੇ ਆਏ ਤੇ ਕੀਤਾ ਵੀ ਪੂਰਨ ਸ਼ਰਧਾ ਨਾਲ।

ਪਰ ਫਿਰ ਕੀ ਹੋਇਆ, ਬਹੁਤ ਸਾਰੀਆਂ ਗੱਲਾਂ ਨੇ ਮਨ ਨੂੰ ਇੰਝ ਝੰਜੋੜਿਆ, ਤੋੜਿਆ ਕਿ ਕਈ ਵਾਰ ਦਿਲ ਕੀਤਾ ਕਿ ਕਈ ਰਾਗੀ ਸਿੰਘਾਂ ਵੱਲ ਵੇਖੋ ਹੀ ਨਾ ਬਸ ਚੁਪ ਚਾਪ ਲੰਘ ਜਾਓ ਗੁਰੂ ਮਹਾਰਾਜ ਨੂੰ ਨਮਸਕਾਰ ਕਰਕੇ। ਮੈਨੂੰ ਪਤਾ ਹੈ ਮੇਰੀ ਇਹ ਗੱਲ ਕਈਆਂ ਨੂੰ ਤੀਰ ਵਾਂਗ ਖੁਭੇਗੀ ਤੇ ਕਈ ਮੈਨੂੰ 'ਪਾਪਣ' ਵੀ ਆਖਣਗੇ। ਹੋਰ ਤਾਂ ਹੋਰ ਮੇਰੇ ਪਾਪਾ ਜੀ ਹੀ ਕਈ ਵਾਰ ਮੈਨੂੰ ਆਖ ਦਿੰਦੇ ਹਨ 'ਤੂੰ artist ਬਣ ਗਈ ਹੈਂ ਤੇ writer ਬਣ ਗਈ ਹੈਂ ਇਸ ਲਈ ਤੇਰੀ ਅਕਲ ਜ਼ਿਆਦਾ ਕੰਮ ਕਰਨ ਲਗ ਪਈ ਹੈ ਤੇ ਪੁੱਠੀਆਂ ਗੱਲਾਂ ਕਰਨ ਲਗ ਪਈ ਹੈ। 'ਪਰ ਕੀ ਕਰਾਂ, ਉਸ ਅਕਾਲ ਪੁਰਖ ਨੇ ਜੋ ਸੌਂਪ ਦਿਤਾ, ਮੈਨੂੰ ਸੌਂਪ ਦਿਤਾ। ਗਲਤ ਗੱਲਾਂ ਦੇਖ ਕੇ ਚੁੱਪ ਰਹਿਣਾ ਮੇਰੇ ਵਸ ਨਹੀਂ। ਜਾਂ ਤਾਂ ਚੁਪ ਚਾਪ ਤਮਾਸ਼ਾ ਦੇਖਕੇ ਅਪਣੇ ਆਪ ਨੂੰ torture ਕਰਾਂਗੀ ਜਾਂ ਫਿਰ ਕੁਝ ਨਾ ਕੁਝ ਅਵਾਜ਼ ਉਠਾਵਾਂਗੀ ਹੀ। ਇਹ ਉਸ ਦਾ ਹੁਕਮ ਹੈ। ਮੈਨੂੰ ਕਹਿੰਦੇ ਨੇ ਗਲਤ ਹੁੰਦਿਆਂ ਦੇਖ ਕੇ ਚੁਪ ਰਹਿਣਾਂ ਕਾਇਰਤਾ ਹੈ। ਹਾਂ, ਜੇ ਮੇਰੇ ਨਾਲ ਕੋਈ ਗਲਤ ਕਰ ਰਿਹਾ ਹੈ ਤਾਂ ਉਥੇ ਨਿਮਰਤਾ ਨਾਲ ਸਿਰ ਝੁਕਾ ਸਕਦੀ ਹਾਂ ਪਰ ਜੋ ਬਾਹਰ ਸਭ ਦੀ ਜ਼ਿੰਦਗੀ ਵਿਚ ਵਾਪਰ ਕੇ ਨੁਕਸਾਨ ਪਹੁੰਚਾ ਰਿਹਾ ਹੈ ਉਸਨੂੰ ਦੇਖ ਚੁਪ ਰਹਿਣਾਂ ਤਾਂ ਕਾਇਰਤਾ ਹੈ।

ਸੋ ਤੁਸੀਂ ਦੱਸੋ ਕਿਵੇਂ ਚੁਪ ਰਹਾਂ ?

---

### *'ਅੰਮ੍ਰਿਤ ਕੀਰਤਨ' 15 ਪੈਸੇ ਵਿੱਚ*

*ਜੇ ਆਪਣੀ ਆਰਥਿਕ ਤੰਗੀ ਕਾਰਨ ਤੁਸੀਂ ਪੂਰਾ ਚੰਦਾ ਨਹੀਂ ਭੇਜ ਸਕਦੇ ਤਾਂ ਹਰ ਮਹੀਨੇ 10 ਰੁ. ਭੇਜ ਦਿਓ। ਜੇ ਇਹ ਵੀ ਭੇਜਣ ਤੋਂ ਮਜ਼ਬੂਰ ਹੋ ਤਾਂ 15 ਪੈਸੇ ਦਾ ਪੋਸਟ ਕਾਰਡ ਭੇਜੋ ਅਸੀਂ, ਤੁਹਾਨੂੰ ਉਸ ਮਹੀਨੇ ਦਾ 'ਅੰਮ੍ਰਿਤ ਕੀਰਤਨ' ਭੇਜ ਦਿਆਂਗੇ।*

ਜਦੋਂ ਗੁਰਦੁਆਰੇ ਜਾਈਦਾ ਸੀ ਤਾਂ ਰਾਗੀ ਸਿੰਘਾਂ ਵੱਲ ਨਮਸਕਾਰ ਕਰੀਦਾ ਸੀ । ਪਰ ਇਕ ਦਿਨ ਝਟਕਾ ਲਗਾ ਜਦੋਂ ਗੁਰੂ ਮਹਾਰਾਜ ਨੂੰ ਨਮਸਕਾਰ ਕਰਕੇ ਰਾਗੀ ਸਿੰਘਾਂ ਵਲ ਨਜ਼ਰ ਚੁੱਕ ਕੇ ਨਮਸਕਾਰ ਕਰਨ ਲਗੀ ਤਾਂ ਉਨ੍ਹਾਂ ਵਿੱਚੋਂ ਇਕ ਰਾਗੀ ਜੀ ਨੇ wink ਕਰ ਦਿੱਤਾ । ਕੀ ਉਹ ਸੱਚੀਮੁੱਚੀ ਹੀ ਗੁਰੂ ਘਰ ਦੇ ਕੀਰਤਨੀਏ ਸਨ ?

ਇਕ ਗੁਰਦੁਆਰੇ ਦੇ ਰਾਗੀ, ਕਈ ਵਾਰ ਗੁਰਦੁਆਰੇ ਬਾਹਰ ਮਿਲ ਜਾਂਦੇ, ਸਤਿ ਸ੍ਰੀ ਅਕਾਲ ਭੈਣ ਜੀ, ਕਹਿੰਦੇ ਤੇ ਮੈਂ ਵੀ ਨਮਸਕਾਰ ਕਰ ਦਿੰਦੀ । ਇਕ ਦਿਨ ਜਦੋਂ ਮਿਲੇ ਤਾਂ ਮੈਂ ਰਾਣੀ ਰੰਗਾ ਸੂਟ ਪਾਇਆ ਹੋਇਆ ਸੀ । ਸਤਿ ਸ੍ਰੀ ਅਕਾਲ ਭੈਣ ਜੀ ਤੋਂ ਬਾਅਦ ਉਨ੍ਹਾਂ ਸਵਾਲ ਪਾਇਆ, ਭੈਣ ਜੀ ਕੀ ਗੱਲ ਹੈ ਅਸੀਂ ਕੀਰਤਨ ਕਰਦਿਆਂ ਨੋਟ ਕਰਦੇ ਹਾਂ ਕਿ ਹਰ ਚੋਥੀ, ਪੰਜਵੀ ਭੈਣ ਨੇ ਰਾਣੀ ਰੰਗ ਦਾ ਸੂਟ ਹੀ ਪਾਇਆ ਹੁੰਦਾ ਹੈ ਕੀ ਰਾਣੀ ਰੰਗੇ ਸੂਟ ਮੁਫਤ ਮਿਲ ਰਹੇ ਹਨ ? 'ਤੇ ਤਬਲਾ ਵਜਾਣ ਵਾਲੇ ਬੋਲੇ' ਬੀਬੀਆਂ ਰਾਣੀ ਰੰਗ ਦੇ ਸੂਟ ਪਾਂਦੀਆਂ ਹਨ ਤੇ ਅੱਗੋਂ ਪੂਰੀ ਕਮੀਜ਼ ਤੇ ਬਟਨ ਵੀ ਲਗਾਣ ਦਾ ਫੈਸ਼ਨ ਜ਼ੋਰਾਂ ਤੇ ਹੈ । 'ਕੀ ਉਹ ਕੀਰਤਨੀਏ, ਕੀਰਤਨ ਕਰਨ ਆਉਂਦੇ ਹਨ ਜਾਂ ਬੀਬੀਆਂ ਦੇ ਫੈਸ਼ਨ ਨੋਟ ਕਰਨ ? ਕੀ ਉਹਨਾਂ ਦਾ ਧਿਆਨ ਇੰਨਾ ਹੀ ਬਾਣੀ ਵਿਚ ਜੁੜਿਆ ਹੁੰਦਾ ਹੈ ਕਿ ਉਨ੍ਹਾਂ ਨੂੰ ਗੁਰੂ ਦਰਸ਼ਨ ਦੀ ਥਾਂ ਬੀਬੀਆਂ ਦੇ ਪਾਏ ਕਪੜੇ ਦੇ ਰੰਗਾਂ-ਰਿਵਾਜਾਂ ਦਾ ਪਤਾ ਲਗਦਾ ਰਹਿੰਦਾ ਹੈ ? ਫਿਰ ਐਸੇ ਹਾਲਾਤ ਵਿਚ ਜਦੋਂ ਕਿ ਰਗੀ ਹੀ ਕੀਰਤਨ ਵਿੱਚ ਨਹੀਂ ਜੁੜੇ ਤਾਂ ਸੰਗਤ ਕੀ ਜੁੜੇਗੀ ? ਮੈਂ ਜਦੋਂ ਗੁਰਦੁਆਰੇ ਜਾਣ ਵਾਲੀਆਂ ਲੜਕੀਆਂ ਕੋਲੋਂ ਇਹ ਸੁਣਦੀ ਹੁੰਦੀ ਸਾਂ ਕਿ "ਪਤੈ ਅੱਜ ਕਲ ਮਹਿੰਦੀ ਰੰਗ ਦਾ ਫੈਸ਼ਨ ਹੈ, ਫਲਾਣੇ ਰੰਗ ਦਾ ਫੈਸ਼ਨ ਹੈ, ਗੁਰਦੁਆਰੇ ਜਾਓ ਤਾਂ mostly ਕੁੜੀਆਂ ਨੇ ਇਹੀ ਰੰਗ ਪਾਇਆ ਹੁੰਦਾ ਹੈ" । ਤਾਂ ਮਨ ਬੇਚੈਨ ਹੋ ਜਾਂਦਾ ਸੀ ਕਿ ਇਹ ਗੁਰਦੁਆਰੇ fashion ਦੇਖਣ ਜਾਂਦੀਆਂ ਹਨ ਜਾਂ ਗੁਰੂ ਤੇ ਸੰਗਤ ਦੇ ਦਰਸ਼ਨ ਕਰਨ । ਪਰ ਜਦੋਂ ਰਾਗੀ ਸਿੰਘਾਂ ਨੂੰ ਇਹ ਗੱਲਾਂ ਕਰਦਿਆਂ ਸੁਣਿਆਂ ਤਾਂ ਬਿਜਲੀ ਦੇ ਕਰੰਟ ਤੋਂ ਵੀ ਭਿਆਨਕ ਕਰੰਟ ਲਗਾ । ਦੱਸੋ ਫਿਰ ਕੀ ਸ਼ਰਧਾ ਉਪਜੇਗੀ ?

ਸਵਾਦ ਤਾਂ ਤਦੋਂ ਆਏ ਜਦੋਂ ਰਾਗੀ ਕੀਰਤਨ ਕਰ ਰਹੇ ਹੋਣ ਉਹ ਐਸੇ ਜੁੜੇ ਹੋਣ ਕਿ ਉਨ੍ਹਾਂ ਦਾ ਮੂੰਹ ਦੇਖਿਆਂ ਗੁਰੂ ਨਜ਼ਰ ਆਏ ਉਹ ਗੁਰੂ ਜਿਸ ਪਵਿੱਤਰ ਬਾਣੀ ਰਚੀ ਸੀ ਇਹ ਧੁਰ ਕੀ ਬਾਣੀ ਗਾਉਂਦਿਆਂ ਉਹ, ਉਸ ਰਚਣਹਾਰ ਨਾਲ ਇੱਕਮਿਕ ਹੋ ਜਾਣ ਤੇ ਲੱਗੇ ਅਵਾਜ਼ ਉਹਨਾਂ ਰਾਗੀਆਂ ਦੇ ਮੂੰਹੋ ਨਹੀਂ ਇਹ ਅਵਾਜ਼ ਧੁਰੋਂ ਆ ਰਹੀ ਹੈ ਉਸੇ ਦਾਤੇ ਦੀ ਅਵਾਜ਼, ਜਿਸਨੇ ਇਨੀ ਮਹਾਨ ਬਾਣੀ ਰਚੀ ਸੀ ਜਿਸਦਾ ਇੱਕ ਇੱਕ ਅੱਖਰ ਹੀਰਾ, ਰਤਨ ਤੋਂ ਵੀ ਅਨਮੋਲ ਹੈ । ਬੈਰਾਗ ਵਿਚ ਗਾਣ ਤਾਂ ਸਾਰੀ ਸੰਗਤ ਬੈਰਾਗੀ ਹੋ ਜਾਏ, ਚਿਰਾਂ ਦੇ ਡੱਕੇ ਹੰਝੂ ਵਗ ਤੁਰਨ ਜੇ ਵਿਸਮਾਦ ਵਿਚ ਗਾਣ ਤਾਂ ਸਾਰੀ ਸੰਗਤ ਵਿਸਮਾਦੀ ਹੋ ਜਾਏ ।

ਕੀਰਤਨ ਕਰ ਰਹੇ ਹੋਣ ਤਾਂ ਜਗ੍ਹਾ ਭੁੱਲ ਜਾਣ, ਆਪਾ ਭੁੱਲ ਜਾਣ, ਉਹ ਪਲ ਸਫਲੇ ਹੋ ਜਾਣ ਜਿਸ ਪਲ ਉਨ੍ਹਾਂ ਬਾਣੀ ਗਾਈ ਤੇ ਸੁਣਨ ਵਾਲਿਆਂ ਨੂੰ ਲਗੇ ਉਹ ਇਸ ਸੰਸਾਰ ਵਿਚ ਨਹੀਂ, ਦਾਤੇ ਦੇ ਘਰ ਪਹੁੰਚੇ ਹੋਏ ਹਨ ਜਿੱਥੇ ਹੋਰ ਕੁਝ ਨਹੀਂ ਨੂਰ ਹੀ ਨੂਰ ਹੈ ਉਹੀ ਨੂਰ ਜੋ ਧੁਰ ਕੀ ਬਾਣੀ ਦੇ ਹਰ ਅੱਖਰ ਵਿਚ ਵਸ ਰਿਹਾ ਹੈ । ਕੀਰਤਨੀਏ ਤੇ ਸੁਣਨ ਵਾਲੇ ਦੋਨੋਂ ਹੀ ਉਸ ਪਲ ਉਸ ਬਰਸਦੇ ਨੂਰ ਨਾਲ ਆਪਣੀਆਂ ਝੋਲੀਆਂ ਭਰ ਲੈਣ ਅੰਦਰ ਦੇ ਹਨੇਰੇ ਮਿੱਟ ਜਾਣ ਚਾਨਣ ਹੀ ਚਾਨਣ ਹੋ ਜਾਏ । ਭਟਕਣਾ ਮਿਟ ਜਾਏ ਚੈਨ ਮਿਲ ਜਾਏ । ਜੇ ਰਾਗੀ ਸਿੰਘ ਗਾ ਰਹੇ ਹੋਣ "ਸਤਿਗੁਰੂ ਮਿੱਤਰ ਮੇਰਾ ਬਾਲ ਸਖਾਈ" ਤਾਂ ਸੰਗਤ ਨੂੰ ਲੱਗੇ ਕਿ ਉਹ ਆਪਣੇ ਸਤਿਗੁਰ ਮਿੱਤਰ ਬਾਲ ਸਖਾਈ ਨਾਲ ਬਚਪਨ ਮਾਣ ਰਹੀ ਹੈ । ਜੇ ਉਹ ਗਾਣ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਤਾਂ ਲੱਗੇ ਉਹ ਮਾਤਾ ਪਿਤਾ ਦੀ ਗੋਦ ਵਿਚ ਬੈਠੀ ਹੈ । ਮੇਰਾ ਵਿਸ਼ਵਾਸ਼ ਹੀ ਨਹੀਂ ਦਾਅਵਾ ਹੈ ਕਿ ਇਹ ਜਾਦੂ ਸਿਰਫ ਗੁਰੂ ਘਰ ਦੇ ਕੀਰਤਨੀਏ ਰਾਗੀ ਸਿੰਘ ਹੀ ਕਰ ਸਕਦੇ ਹਨ - ਹੋਰ ਕੋਈ ਨਹੀਂ ।

ਕੀ ਮੇਰਾ ਇਹ ਸੰਦੇਸ਼ ਪਹੁੰਚਾ ਸਕੋਗੇ ਰਾਗੀ ਸਿੰਘ ਤੱਕ ?

***The Great thing in the world is not so much where we stand, as in what direction we are moving.***

***Oliver Wendell Holmes***

***Success is to be measured not so much by the position that one has reached in life as by the obstacles which he has overcome while trying to succeed.***

***Booker T. Washington***

# ਸੰਗੀਤ ਸਿੱਖਿਆ

*ਪਰਿਭਾਸ਼ਾਵਾਂ*

**ਸੰਗੀਤ :** ਸੰਗੀਤ ਐਸੀ ਕਲਾ ਜਿਸ ਵਿੱਚ ਸੁਰ ਅਤੇ ਲੈਅ ਰਾਹੀਂ ਮਨ ਦੇ ਭਾਵ ਪ੍ਰਗਟ ਕੀਤੇ ਜਾਂਦੇ ਹਨ । ਸੰਗੀਤ ਗਾਇਨ, ਵਾਦਨ, ਅਤੇ ਨਰਿਤ ਤਿੰਨਾਂ ਦਾ ਸੁਮੇਲ ਕਿਹਾ ਜਾਂਦਾ ਹੈ । ਅਜ ਕਲ੍ਹ ਇਹਨਾਂ ਤਿੰਨਾਂ ਕਲਾਵਾਂ ਦਾ ਅਲੱਗ ਅਲੱਗ ਅਤੇ ਇਕੱਲਿਆਂ ਵੀ ਪਰਦਰਸ਼ਨ ਕੀਤਾ ਜਾਂਦਾ ਹੈ ।

**ਸੁਰ :** ਸੰਸਾਰ ਵਿੱਚ ਅਨੇਕਾਂ ਅਵਾਜ਼ਾਂ ਹਨ । ਪਰ ਇਹਨਾਂ ਸਾਰੀਆਂ ਅਵਾਜ਼ਾਂ ਦਾ ਸੰਗੀਤ ਵਿੱਚ ਪ੍ਰਯੋਗ ਨਹੀਂ ਹੁੰਦਾ । ਜਿਹੜੀ ਅਵਾਜ਼ ਇਕਸਾਰ ਹੋਵੇ ਅਤੇ ਕੰਨਾਂ ਨੂੰ ਚੰਗੀ ਲੱਗੇ ਉਸ ਨੂੰ ਸੁਰ ਕਿਹਾ ਜਾਂਦਾ ਹੈ । ਇਹ ਸੁਰ ਹੀ ਗਾਇਨ ਵਿੱਚ ਪ੍ਰਯੋਗ ਹੁੰਦੇ ਹਨ ।

ਇਹ ਸੁਰ ਮੁੱਖ ਰੂਪ ਵਿੱਚ 7 ਹਨ ਜਿਹਨਾਂ ਦੇ ਨਾਮ ਹੇਠ ਲਿਖੇ ਹਨ :

1. ਸਡਜ਼ 2. ਰਿਸ਼ਭ 3. ਗੰਧਾਰ 4. ਮੱਧਮ 5. ਪੰਚਮ 6. ਧੈਵਤ 7. ਨਿਸ਼ਾਦ

ਗਾਉਣ ਜਾਂ ਵਜਾਉਣ ਵੇਲੇ ਇਹਨਾਂ ਦੇ ਨਾਮ ਛੋਟੇ ਕਰ ਲਏ ਜਾਂਦੇ ਹਨ । ਇਹਨਾਂ ਸੁਰਾਂ ਦੇ ਛੋਟੇ ਭਾਵ ਪ੍ਰਯੋਗੀ ਨਾਮ ਹੇਠ ਲਿਖੇ ਅਨੁਸਾਰ ਹਨ :

| ਪੂਰੇ ਨਾਮ | | ਪ੍ਰਯੋਗੀ ਨਾਮ |
|---|---|---|
| ਸ਼ਡਜ਼ | - | ਸਾ |
| ਰਿਸ਼ਭ | - | ਰੇ |
| ਗੰਧਾਰ | - | ਗਾ |
| ਮੱਧਮ | - | ਮਾ |
| ਪੰਚਮ | - | ਪਾ |
| ਧੈਵਤ | - | ਧਾ |
| ਨਿਸ਼ਾਦ | - | ਨੀ |

ਇਹਨਾਂ ਸੁਰਾਂ ਨੂੰ ਮੁੱਖ ਰੂਪ ਵਿੱਚ ਦੋ ਭਾਗਾਂ ਵਿੱਚ ਵੰਡਿਆ ਗਿਆ 1. ਅਚੱਲ ਸੁਰ 2. ਚੱਲ ਸੁਰ

**1. ਅਚੱਲ ਸੁਰ :** ਅਚੱਲ ਸੁਰ, ਉਹ ਸੁਰ ਹਨ ਜਿਹਨਾਂ ਦਾ ਇੱਕ ਰੂਪ ਹੁੰਦਾ ਹੈ । ਇਹ ਸੁਰ ਦੋ ਹਨ ।
1. ਸ਼ੁਧ ਸ਼ਡਜ 2. ਸ਼ੁਧ ਪੰਚਮ

ਸ਼ਡਜ਼ ਅਤੇ ਪੰਚਮ ਦਾ ਕੋਈ ਹੋਰ ਰੂਪ ਨਹੀਂ ਹੁੰਦਾ । ਇਹਨਾਂ ਸੁਰਾਂ ਦੇ ਪ੍ਰਯੋਗੀ ਰੂਪ ਮੱਧ ਸਪਤਕ ਵਿੱਚ ਨੂੰ ਲਿਖਣ ਵੇਲੇ ਕੋਈ ਵਾਧੂ ਚਿੰਨ੍ਹ ਨਹੀਂ ਲਗਾਇਆ ਜਾਂਦਾ ਕੇਵਲ ਸਾ ਅਤੇ ਪਾ ਹੀ ਲਿਖਿਆ ਜਾਂਦਾ ਹੈ ।

**2. ਚੱਲ ਸੁਰ :** ਉਹ ਸੁਰ ਜਿਹੜੇ ਆਪਣਾ ਸਥਾਨ ਬਦਲ ਲੈਂਦੇ ਹਨ ਭਾਵ ਜਿਹਨਾਂ ਦੇ ਦੋ ਰੂਪ ਹੁੰਦੇ ਉਹਨਾਂ ਨੂੰ ਚੱਲ ਸੁਰ ਕਹਿੰਦੇ ਹਨ । ਇਹ ਸੁਰ ਤਿੰਨ ਪ੍ਰਕਾਰ ਦੇ ਹੁੰਦੇ ਹਨ:

ਸ਼ੁਧ ਸੁਰ, ਕੋਮਲ ਸੁਰ ਅਤੇ ਤੀਬਰ ਸੁਰ

**ਸ਼ੁਧ ਸੁਰ :** ਸਾ ਅਤੇ ਪਾ ਅਚਲ ਸੁਰਾ ਤੋਂ ਇਲਾਵਾ ਸ਼ੁਧ ਸੁਰ 4 ਹਨ ।

ਰਿਸ਼ਭ, ਗੰਧਾਰ, ਧੈਵਤ, ਨਿਸ਼ਾਦ

ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*

*ਗਿਲ ਫਾਰਮ, ਪਿੰਡ ਖਾਨਪੁਰ, ਖਰੜ,ਰੋਪੜ-ਫੋਨ : 855741,855730*

*ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਬੰਧ ਸਿੱਧੇ ਜਾਂ ਹੇਠ ਲਿਖੇ ਪਤੇ ਸੰਪਰਕ ਕਰੋ :*

*ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947*

ਅਚੱਲ ਸੁਰਾ ਵਾਂਗ ਮੱਧ ਸਪਤਕ ਵਿੱਚ ਇਹਨਾਂ ਸੁਰਾਂ ਦੇ ਪ੍ਰਯੋਗੀ ਰੂਪ ਨੂੰ ਸੰਗੀਤ ਲਿਪੀ ਵਿਚ ਲਿਖਣ ਵੇਲੇ ਕੋਈ ਵਾਧੂ ਚਿੰਨ੍ਹ ਨਹੀਂ ਲਗਾਇਆ ਜਾਂਦਾ ਕੇਵਲ ਰੇ ਗਾ ਧਾ ਨੀ ਹੀ ਲਿਖਿਆ ਜਾਂਦਾ ਹੈ ।

**ਕੋਮਲ ਸੁਰ :** ਇਹ ਸੁਰ ਦੋ ਸ਼ੁਧ ਸੁਰਾਂ ਦੇ ਵਿਚਕਾਰ ਦੀ ਅਵਾਜ਼ ਦਿੰਦੇ ਹਨ । ਸ਼ਡਜ਼ ਅਤੇ ਸ਼ੁਧ ਰੇ ਦੇ ਵਿਚਕਾਰ ਵਾਲੇ ਸੁਰ ਨੂੰ ਕੋਮਲ ਰਿਸ਼ਭ, ਸ਼ੁਧ ਰਿਸ਼ਭ ਅਤੇ ਸ਼ੁਧ ਗੰਧਾਰ ਦੇ ਵਿਚਕਾਰ ਵਾਲੀ ਸੁਰ ਨੂੰ ਕੋਮਲ ਧੈਵਤ । ਸ਼ੁਧ ਧੈਵਤ ਅਤੇ ਸ਼ੁਧ ਨਿਸ਼ਾਦ ਦੇ ਵਿਚਕਾਰ ਵਾਲੀ ਸੁਰ ਨੂੰ ਕੋਮਲ ਨਿਸ਼ਾਦ ਕਿਹਾ ਜਾਂਦਾ ਹੈ । ਇਹਨਾਂ ਸੁਰਾਂ ਨੂੰ ਸੰਗੀਤ ਲਿਪੀ ਵਿਚ ਲਿਖਣ ਸਮੇਂ ਸੁਰ-ਚਿੰਨ ਹੇਠਾਂ ਇੱਕ ਰੇਖਾ ਖਿੱਚੀ ਜਾਂਦੀ ਹੈ : ਜਿਵੇਂ ਰੇ ਗਾ ਧਾ ਨੀ

**ਤੀਬਰ ਸੁਰ :** ਸ਼ੁਧ ਮੱਧਮ ਜਿਹੜਾ ਮੱਧਮ, ਸ਼ੁਧ ਗੰਧਾਰ ਦੇ ਬਿਲਕੁਲ ਨਾਲ ਹੁੰਦਾ ਹੈ ਉਸ ਮੱਧਮ ਅਤੇ ਪੰਚਮ ਦੇ ਵਿਚਕਾਰ ਵਾਲੇ ਮੱਧਮ ਨੂੰ ਤੀਬਰ ਮੱਧਮ ਕਿਹਾ ਜਾਂਦਾ ਹੈ । ਇਸ ਸੁਰ ਨੂੰ ਸੰਗੀਤ ਲਿਪੀ ਵਿਚ ਲਿਖਣ ਵੇਲੇ ਉਪਰ ਰੇਖਾ ਲਗਾਈ ਜਾਂਦੀ ਹੈ ਜਿਵੇਂ ਮਂ

## ਸਪਤਕ

ਭਾਵੇਂ ਚੱਲ ਅਤੇ ਅਚੱਲ ਸੁਰਾਂ ਦੀ ਗਿਣਤੀ ਨਾਲ 12 ਸੁਰ ਬਣ ਜਾਂਦੇ ਹਨ ਪਰ ਮੁੱਖ ਰੂਪ ਵਿਚ ਸੁਰ ਸੱਤ ਹੀ ਰਹਿੰਦੇ ਹਨ । ਇਸ ਲਈ ਇਹਨਾਂ ਸੱਤ ਸੁਰਾਂ ਦੇ ਸੁਰ ਸਮੂਹ ਨੂੰ ਸਪਤਕ ਕਿਹਾ ਜਾਂਦਾ ਹੈ ।

**ਸਪਤਕ ਦੀਆਂ ਕਿਸਮਾਂ :** "ਆਮ ਤੌਰ ਤੇ ਮਨੁੱਖ ਦੀ ਅਵਾਜ਼ ਤਿੰਨ ਤਰ੍ਹਾਂ ਦੀ ਹੁੰਦੀ ਹੈ । ਜਦੋਂ ਅਸੀਂ ਸਧਾਰਨ ਗੱਲ ਬਾਤ ਕਰਦੇ ਹਾਂ ਤਾਂ ਸਾਡੀ ਅਵਾਜ਼ ਨਾ ਮੋਟੀ ਅਤੇ ਨਾ ਪਤਲੀ ਹੁੰਦੀ ਹੈ । ਜਦੋਂ ਅਸੀਂ ਹੌਲੀ ਜਾਂ ਧੀਮਾਂ ਬੋਲਦੇ ਹਾਂ ਤਾਂ ਸਾਡੀ ਅਵਾਜ਼ ਮੋਟੀ ਅਤੇ ਧੀਮੀ ਹੁੰਦੀ ਹੈ । ਪਰ ਜਦੋਂ ਅਸੀਂ ਉੱਚੀ ਬੋਲਦੇ ਹਾਂ ਤਾਂ ਸਾਡੀ ਆਵਾਜ਼ ਪਤਲੀ ਅਤੇ ਤਿੱਖੀ ਹੋ ਜਾਂਦੀ ਹੈ । ਅਵਾਜ਼ ਦੇ ਇਸ ਅੰਤਰ ਦੇ ਅਧਾਰ ਤੇ ਤਿੰਨ ਸਪਤਕਾਂ ਦੀ ਰਚਨਾ ਕੀਤੀ ਗਈ । ਇਹ ਤਿੰਨਾਂ ਸਪਤਕਾਂ ਦੇ ਨਾਮ ਹਨ :

1. ਮੰਦਰ ਸਪਤਕ
2. ਮੱਧ ਸਪਤਕ
3. ਤਾਰ ਸਪਤਕ

**1. ਮੰਦਰ ਸਪਤਕ :** ਜਦੋਂ ਸਧਾਰਨ ਅਵਾਜ਼ ਦੀਆਂ ਸੁਰ ਨਾਲੋਂ ਦੁਗਣੀਆਂ ਧੀਮੀਆਂ ਦੇ ਸਪਤਕ ਨੂੰ ਜਾਂ ਹੇਠਲੀਆਂ ਸੁਰਾਂ ਵਿੱਚ ਗਾਇਆ ਜਾਂ ਵਜਾਇਆ ਜਾਵੇ ਤਾਂ ਇਹਨਾਂ ਸੁਰਾਂ ਨੂੰ ਮੰਦਰ ਸਪਤਕ ਕਿਹਾ ਜਾਂਦਾ ਹੈ । ਇਸ ਸਪਤਕ ਦੇ ਸੁਰਾਂ ਨੂੰ ਸੰਗੀਤ ਲਿਪੀ ਵਿੱਚ ਦਰਸਾਉਣ ਲਈ ਹੇਠਾਂ ਬਿੰਦੀ ਲਗਾਈ ਜਾਂਦੀ ਜਿਵੇਂ : ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼

**ਮੱਧ ਸਪਤਕ :** ਸਧਾਰਨ ਆਵਾਜ਼ ਜਿਹੜੀ ਨਾ ਬਹੁਤੀ ਨੀਵੀਂ ਅਤੇ ਨਾ ਹੀ ਬਹੁਤੀ ਉੱਚੀ ਹੁੰਦੀ ਹੈ ਇਸ ਅਵਾਜ਼ ਦੀਆਂ ਸੁਰਾਂ ਦੇ ਸਪਤਕ ਨੂੰ ਮੱਧ ਸਪਤਕ ਕਿਹਾ ਜਾਂਦਾ ਹੈ ।

ਸੰਗੀਤ ਲਿਪੀ ਵਿਚ ਇਹਨਾਂ ਸੁਰਾਂ ਨੂੰ ਲਿਖਣ ਵੇਲੇ ਸਪਤਕ ਦਾ ਕੋਈ ਚਿੰਨ ਨਹੀਂ ਲਗਾਇਆ ਜਾਂਦਾ ਕੇਵਲ ਸੁਰ ਚਿੰਨ ਹੀ ਲਿਖੇ ਜਾਂਦੇ ਹਨ ਜਿਵੇਂ : ਸਾ ਰੇ ਗਾ ਮਾ ਪਾ ਧਾ ਨੀ

**ਤਾਰ ਸਪਤਕ :** ਸਧਾਰਨ ਅਵਾਜ਼ ਤੋਂ ਦੁਗਣੀ ਉੱਚੀ ਅਵਾਜ਼ ਦੀਆਂ ਸੁਰਾਂ ਵਾਲੇ ਸਪਤਕ ਨੂੰ ਤਾਰ ਸਪਤਕ ਕਿਹਾ ਜਾਂਦਾ ਹੈ । ਇਹਨਾਂ ਸੁਰਾਂ ਨੂੰ ਸੰਗੀਤ ਲਿਪੀ ਵਿਚ ਲਿਖਣ ਸਮੇਂ ਸੁਰ ਚਿੰਨਾਂ ਉਪਰ ਬਿੰਦੀ ਲਗਾਈ ਜਾਂਦੀ ਹੈ ਜਿਵੇਂ ਸਾ਼ ਰੇ਼ ਗਾ਼ ਮਾ਼ ਪਾ਼ ਧਾ਼ ਨੀ਼

## ਝੂਠੇ ਦਾ ਪਾਜ

*ਜੇ ਤੁਹਾਨੂੰ ਸ਼ਕ ਹੋਵੇ ਕਿ ਕੋਈ ਆਦਮੀ ਤੁਹਾਨੂੰ ਝੂਠੀ ਗੱਲ ਸੁਣਾ ਰਿਹਾ ਹੈ ਤਾਂ ਏਸ ਤਰ੍ਹਾਂ ਮੂੰਹ ਬਣਾਓ ਜਿਵੇਂ ਤੁਸੀਂ ਉਸਦੇ ਇੱਕ ਇੱਕ ਸ਼ਬਦ ਵਿੱਚ ਭਰੋਸਾ ਰਖਦੇ ਹੋ । ਇਸ ਤਰ੍ਹਾਂ ਉਸ ਨੂੰ ਬੋਲੀ ਜਾਣ ਲਈ ਦਲੇਰੀ ਮਿਲੇਗੀ ਤੇ ਉਹ ਆਪਣੀ ਗੱਲ ਲਮਕਾਏਗਾ ਤੇ ਅੰਤ ਆਪਣਾ ਪਾਜ ਆਪੇ ਖੋਲ ਦੇਵੇਗਾ ।*

# ਕੋਮਲ ਸਿੰਘ

## ਪੁਸਤਕ : ਪੰਜ ਪਉੜੀਆਂ

ਲੇਖਕ : ਜੋਗਿੰਦਰ ਸਿੰਘ ਸੇਠੀ
ਪ੍ਰਕਾਸ਼ਕ : ਗੁਰੂ ਤੇਗ ਬਹਾਦਰ ਨਾਮ ਸਿਮਰਨ ਫਾਊਂਡੇਸ਼ਨ 303, ਐਵਰੀ ਟਾਵਰ-1 ਜੁਹੂ ਰੋਡ ਬੰਬਈ-400049
ਪੰਨੇ : 264
ਮੁੱਲ : 70 ਰੁਪਏ

ਗੁਰਬਾਣੀ ਚੋਂ ਜਪੁ ਜੀ ਸਾਹਿਬ ਨੂੰ ਇਹ ਮਾਣ ਹਾਸਲ ਹੈ ਕਿ ਵਿਦਵਾਨਾਂ ਨੇ ਇਸ ਦੀ ਵਿਆਖਿਆ 'ਚ ਵਿਸ਼ੇਸ਼ ਰੁਚੀ ਦਿਖਾਈ ਹੈ । ਹੁਣ ਤੱਕ ਜਪੁ ਜੀ ਦੇ ਸਭ ਤੋਂ ਵੱਧ ਟੀਕੇ ਹੋ ਚੁੱਕੇ ਹਨ । ਜਪੁ ਜੀ ਸਾਰੀ ਬਾਣੀ ਦਾ ਨਿਚੋੜ ਹੈ । ਇਸ ਦੀ ਕੁੰਜੀ ਨਾਲ ਹੀ ਬਾਕੀ ਬਾਣੀ ਦਾ ਜਿੰਦਾ ਖੋਹਲਿਆ ਜਾ ਸਕਦਾ ਹੈ ।

ਜਪੁ ਜੀ ਵਿਚਾਰ ਪ੍ਰਧਾਨ ਬਾਣੀ ਹੈ । ਇਸ ਵਿੱਚ ਸਮੁੱਚੇ ਧਾਰਮਿਕ ਖੇਤਰ ਦਾ ਦਰਸ਼ਨ ਵਿਦਮਾਨ ਹੈ । ਜਪੁ ਜੀ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਸ਼ਖਸੀਅਤ ਦਾ ਆਇਨਾ ਹੈ ।

ਗੁਰਬਾਣੀ ਦੇ ਗਿਆਤਾ ਭਾਈ ਜੋਗਿੰਦਰ ਸਿੰਘ ਸੇਠੀ ਹੁਣ ਤੱਕ ਦਰਜਨ ਤੋਂ ਵੱਧ ਪੁਸਤਕਾਂ ਗੁਰਬਾਣੀ ਦੇ ਪਾਠਕਾਂ ਦੀ ਝੋਲੀ ਪਾ ਚੁੱਕੇ ਹਨ । 'ਪੰਜ ਪਉੜੀਆਂ' ਪੁਸਤਕ ਵਿੱਚ ਉਹਨਾਂ ਅਤਿਅੰਤ ਵਿਸਥਾਰ ਸਹਿਤ ਜਪੁਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਦੀ ਵਿਆਖਿਆ ਕੀਤੀ ਹੈ ।

ਉਹਨਾਂ ਦੀ ਵਿਆਖਿਆ ਦਾ ਸਾਰਥਕ ਪਹਿਲੂ ਇਹ ਹੈ ਕਿ ਬਾਣੀ ਦੇ ਰਵਾਇਤੀ ਅਰਥਾਂ ਦੇ ਮਗਰ ਤੁਰਨ ਦੀ ਥਾਂ, ਅਰਥਾਂ ਦੀ ਗਹਿਰਾਈ ਨੂੰ ਵਾਚਿਆ ਹੈ । ਅੰਨ੍ਹੀ ਸ਼ਰਧਾ ਦੀ ਬਜਾਏ ਆਪਣੀ ਵਿਆਖਿਆ ਵਿੱਚ ਵਿਗਿਆਨਕ ਦਲੀਲਾਂ ਅਤੇ ਲੌਕਿਕ ਸੰਸਾਰ ਦੀਆਂ ਉਦਾਹਰਣਾਂ ਪੇਸ਼ ਕੀਤੀਆਂ ਹਨ । ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ, ਸੇਠੀ ਜੀ ਨੇ ਪਾਠਕ-ਜਨਾਂ ਦੀ ਭੁੱਖ ਨੂੰ ਧਿਆਨ 'ਚ ਰੱਖ ਕੇ, ਜਿੱਥੇ ਕਿਧਰੇ ਸ਼ੰਕੇ ਉਤਪੰਨ ਹੁੰਦੇ ਹਨ, ਉਹਨਾਂ ਦੀ ਸਹਿਜਤਾ ਅਤੇ ਤਰਕ ਨਾਲ ਨਵਿਰਤੀ ਕੀਤੀ ਹੈ ।

ਲੇਖਕ ਅਨੁਸਾਰ ਪਹਿਲੀ ਪਉੜੀ ਵਿੱਚ ਉਸ ਦੇ ਹੁਕਮ ਦੀ ਰਜਾ ਵਿੱਚ ਚੱਲਣ ਲਈ ਕਿਹਾ ਗਿਆ ਹੈ । ਦੂਜੀ ਪਉੜੀ ਵਿੱਚ ਹੁਕਮ ਰਜਾਈ ਰਹਿਣ ਵਿੱਚ ਹਉਮੈਂ ਮਰਦੀ ਹੈ । ਤੀਜੀ ਪਉੜੀ ਵਿੱਚ ਵਾਹਿਗੁਰੂ ਸਾਨੂੰ ਠੀਕ ਰਾਹ 'ਤੇ ਪਾਉਂਦਾ ਹੈ । ਚੌਥੀ ਪਉੜੀ ਵਿੱਚੋਂ ਸਚਿਆਰਤਾ ਨੂੰ ਉਚਿਆਇਆ ਹੈ ਅਤੇ ਪੰਜਵੀਂ ਪਉੜੀ ਵਿੱਚ ਸਿਰਫ ਇੱਕ ਪ੍ਰਭੂ ਨੂੰ ਹਰਦਮ ਯਾਦ ਰੱਖਣ ਦਾ ਆਦੇਸ਼ ਹੈ ।

ਜਾਪਦਾ ਹੈ ਜਪੁ ਜੀ ਦੀਆਂ ਪਉੜੀਆਂ ਵੱਖ ਵੱਖ ਸਮੇਂ ਵੱਖ ਵੱਖ ਹਾਲਤਾਂ 'ਚ ਉਚਾਰੀਆਂ ਗਈਆਂ ਹਨ । ਪਉੜੀਆਂ ਦੀ ਬਣਤਰ ਅਤੇ ਰਾਗਾਤਮਿਕਤਾ ਵਿੱਚ ਅੰਤਰ ਹੈ । ਇਹ ਬਾਣੀ ਲੋਕਾਂ ਦੀ ਭਾਸ਼ਾ ਵਿੱਚ ਰਚੀ ਗਈ ਹੈ । ਕਈ ਥਾਈਂ ਗੁਰੂ ਜੀ ਪਹਿਲਾਂ ਸਵਾਲ ਕਰਕੇ ਸ਼ੰਕੇ ਉਤਪੰਨ ਕਰਦੇ ਹਨ ਅਤੇ ਫਿਰ ਉਹਨਾਂ ਦਾ ਸਮਾਧਾਨ ਕਰਦੇ ਹਨ ।

ਲੇਖਕ ਨੇ ਵਿਆਖਿਆ ਵਿੱਚ ਗੁਰਬਾਣੀ ਬਾਰੇ ਥਾਂ ਪੁਰ ਥਾਂ ਬਹੁਤ ਸਾਰੇ ਅਨਮੋਲ ਬਚਨ ਅੰਕਿਤ ਕੀਤੇ

*True silence is the rest of the mind; it is to the spirit what sleep is to the body, nourishment and refreshment.*

*William Penn*


**ਇੱਕ ਖ਼ਤ ਦੀ ਉਡੀਕ**

ਬਹੁਤ ਸਾਰੇ ਸੱਜਣਾਂ ਮਿੱਤਰਾਂ ਨੂੰ ਮੁਫਤ 'ਅੰਮ੍ਰਿਤ ਕੀਰਤਨ' ਭੇਜ ਰਹੇ ਹਾਂ । ਉਹ ਖ਼ਤ ਲਿਖ ਕੇ ਆਪਣੀ ਹੋਂਦ ਦਾ ਸਬੂਤ ਦੇਣ । ਨਹੀਂ ਤੇ... ।

ਹਨ ।

ਵਿਆਖਿਆਕਾਰ ਅਨੁਸਾਰ ਬਾਣੀ 'ਗੋਵਿੰਦ ਕੇ ਸਧਾਰਣ ਗੀਤ' ਨਹੀਂ ਹਨ । ਗੁਰਬਾਣੀ 'ਤੇ ਅਮਲ ਕਰਨ, ਇਸ ਨੂੰ ਅਪਨਾਉਣ ਅਤੇ ਆਪਾ ਚੀਨਣ ਦੀ ਲੋੜ ਹੈ । ਸਾਡੇ ਸਾਰੇ ਅਨੁਭਵ ਦਾਇਰੇ ਦੇ ਅੰਦਰ ਹਨ, ਪਰ ਵਾਹਿਗੁਰੂ ਸਮੇਂ ਸਥਾਨ ਦੀ ਸੀਮਾਂ ਤੋਂ ਉਪਰ ਹੈ ।

ਸਰੀਰ ਦੀ ਸੁੱਚਤਾ ਨਾਲੋਂ ਮਨ ਦੀ ਸੁੱਚਤਾ ਜ਼ਿਆਦਾ ਜ਼ਰੂਰੀ ਹੈ । ਗੁਰਬਾਣੀ ਮਾਨਵ ਨੂੰ ਜਾਤ ਤੋਂ ਨਹੀਂ ਕਰਮ ਤੋਂ ਉੱਚਾ ਨੀਵਾਂ ਸਮਝਦੀ ਹੈ । ਥੋਥਾ ਗਿਆਨ ਪਾਰ-ਉਤਾਰਾ ਨਹੀਂ ਕਰ ਸਕਦਾ । ਦੁਨੀਆਦਾਰੀ 'ਚ ਸਫਲ ਹੋਣ ਲਈ ਜਿਵੇਂ ਬੋਲਣਾ ਜ਼ਰੂਰੀ ਹੈ, ਤਿਵੇਂ ਸਿਮਰਨ 'ਚ ਪਰਪੱਕਤਾ ਲਈ ਚੁੱਪ ਜ਼ਰੂਰੀ ਹੈ । ਜੋ ਗੁਰੂ ਬੋਲ ਰਿਹਾ ਹੈ, ਉਹ ਪ੍ਰਭੂ ਹੀ ਬੋਲ ਰਿਹਾ ਹੈ । ਬੋਲਣਾ ਸਾਡਾ ਬਾਹਰਲਾ ਸੁਭਾਅ ਹੈ ਤੇ ਚੁੱਪ ਰਹਿਣਾ ਸਾਡਾ ਅੰਦਰਲਾ ਗੁਣ ਹੈ ।

ਆਪਣੀ ਬੁੱਧੀ ਅਤੇ ਹਉਮੈਂ ਨੂੰ ਗੁਰ-ਚਰਨਾਂ ਵਿੱਚ ਅਰਪਣ ਕਰਨਾ ਪੈਂਦਾ ਹੈ । ਪ੍ਰਭੂ ਦਾ ਅਨੰਦ ਉਸ ਨੂੰ ਪਾਉਣ ਵਿੱਚ ਹੈ ਨਾ ਕਿ ਉਸ ਬਾਰੇ ਜਾਣਕਾਰੀ ਇਕੱਠੀ ਕਰਨ ਵਿੱਚ ਹੈ । ਅਸੀਂ ਪ੍ਰਭੂ ਬਾਰੇ ਪੜ੍ਹਨ ਵਿੱਚ ਮਸਤ ਹਾਂ, ਉਸ ਨੂੰ ਪਾਉਣ ਵਿੱਚ ਨਹੀਂ । ਅਗਿਆਨ ਤੋਂ ਹੀ ਗਿਆਨ ਉਪਜਦਾ ਹੈ । ਦਰਸ਼ਨ ਇਨਸਾਨ ਦੇ ਨਾਲ ਜਾਂਦਾ ਹੈ, ਪੋਥੀ ਨਹੀਂ । ਕਮਾਉਣਾ ਨਾਲ ਜਾਂਦਾ ਹੈ-ਦਿਖਾਉਣਾ ਨਹੀਂ ।

ਸਮੁੱਚੇ ਆਦਿ ਗ੍ਰੰਥ ਦਾ ਸਾਰ ਅੰਸ਼ ਹੈ-ਹੁਕਮ ਰਜਾਈ ਚਲਣਾ । ਸੁੱਖ ਦਾ ਸਬੰਧ ਪ੍ਰਾਪਤੀਆਂ ਨਾਲ ਨਹੀਂ, ਮਨ ਦੀ ਅਵਸਥਾ ਨਾਲ ਹੈ । ਅਸੀਂ ਪ੍ਰਭੂ ਦੇ ਹੁਕਮ ਨੂੰ ਬੁੱਝਣ ਦਾ ਨਹੀਂ, ਉਸਨੂੰ ਬਦਲਾਉਣ ਦਾ ਯਤਨ ਕਰਦੇ ਹਾਂ । ਅਰਦਾਸ ਲਈ ਏਜੰਟ ਦੀ ਲੋੜ ਨਹੀਂ, ਆਪੇ ਦੀ ਜ਼ਰੂਰਤ ਹੈ । ਫਲ ਹਮੇਸ਼ਾ ਕੱਲ੍ਹ ਵਿੱਚ ਹੈ ਤੇ ਕਰਮ ਅੱਜ ਵਿੱਚ । ਬਾਣੇ ਦੇ ਭੇਖ ਤੋਂ ਪਹਿਲਾਂ ਅੰਦਰਲੀ ਸਿੱਖੀ ਦੀ ਪਹਿਲਾਂ ਜ਼ਰੂਰਤ ਹੈ ।

ਗੁਰਬਾਣੀ ਕੰਠ ਹੋਣਾ ਹੋਰ ਗੱਲ ਹੈ ਪਰ ਮਨ 'ਚ ਵਸਾਉਣੀ ਹੋਰ ਗੱਲ ਹੈ । ਸਰੀਰ ਕੁਦਰਤ ਦੇ ਪੰਜ ਤੱਤਾਂ ਦੀ ਰਚਨਾ ਹੈ, ਮਨ ਅਸੀਂ ਬਣਾਉਂਦੇ ਹਾਂ ਤੇ ਆਤਮਾ ਪ੍ਰਭੂ ਬਣਾਉਂਦਾ ਹੈ । ਆਮ ਤੌਰ ਤੇ ਮਨੁੱਖ ਪ੍ਰਭੂ ਨੂੰ ਪ੍ਰੇਮ ਕਰਕੇ ਨਹੀਂ, ਡਰ ਕਰਕੇ ਯਾਦ ਕਰਦਾ ਹੈ ? ਗੁਰੂਆਂ ਦੀ ਬਾਣੀ ਵਿੱਚ ਰੱਬੀ ਅਨੁਭਵ ਹੈ । ਸਿਮਰਨ ਜਾਗ ਕੇ, ਸੁਚੇਤ ਹੋ ਕੇ ਹੋਸ਼ ਵਿੱਚ ਹੀ ਹੋ ਸਕਦਾ ਹੈ, ਬੇਹੋਸ਼ੀ ਵਿੱਚ ਨਹੀਂ ।

ਉਪਰੋਕਤ ਬਹੁਮੁੱਲੇ ਚੰਦ ਵਿਚਾਰ 'ਪੰਜ ਪਉੜੀਆਂ' ਪੁਸਤਕ ਵਿੱਚ ਵਿਆਖਿਆ ਕਰਦਿਆਂ ਸੇਠੀ ਜੀ ਨੇ ਗੁਰਬਾਣੀ ਪਾਠਕਾਂ ਨਾਲ ਸਾਂਝੇ ਕੀਤੇ ਹਨ । ਲੇਖਕ ਨੇ ਆਪਣੀ ਪੁਸਤਕ ਵਿੱਚ ਬਾਣੀ ਨੂੰ (ਵਿਆਖਿਆ ਨੂੰ) ਸਰਬ ਸਾਂਝੀ ਲੋਕਾਈ ਲਈ ਪੇਸ਼ ਕਰਕੇ ਇਸ ਨੂੰ ਸੰਕੀਰਣਤਾ ਦੀ ਵਲਗਣ ਚੋਂ ਕੱਢਣ ਦਾ ਹੰਭਲਾ ਮਾਰਿਆ ਹੈ । ਸ਼ਬਦਾਂ ਦੀ ਵਿਆਖਿਆ ਲਈ ਹਰ ਖੇਤਰ ਚੋਂ ਉਦਾਹਰਣਾਂ ਇਕੱਤਰ ਕਰਕੇ ਆਪਣੀ ਤਰਕ ਨੂੰ ਮਜ਼ਬੂਤ ਕੀਤਾ ਹੈ ।

ਲੇਖਕ ਨੇ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਗੁਰਬਾਣੀ ਨੂੰ ਕਸਵੱਟੀ 'ਤੇ ਖਰਾ ਪਰਖ਼ਿਆ ਹੈ । ਗੁਰਬਾਣੀ ਅਤੇ ਸਾਇੰਸ ਦਾ ਸਬੰਧ ਕਾਇਮ ਕਰਕੇ ਉਸ ਨੇ ਜਿੱਥੇ ਗੁਰਬਾਣੀ ਵਿੱਚ ਸ਼ਰਧਾ ਨੂੰ ਪਕੇਰਾ ਕੀਤਾ ਹੈ, ਉਥੇ ਗੁਰਬਾਣੀ ਨੂੰ ਸਾਇੰਸ ਦੀ ਪੇਸ਼ੀਨ-ਗੋਈ ਸਿੱਧ ਕੀਤਾ ਹੈ ।

ਲੇਖਕ ਨੇ ਭੇਖ, ਦਿਖਾਵੇ ਅਤੇ ਓਪਰੇ ਮਨ ਨਾਲ ਕੀਤੇ ਧਾਰਮਿਕ ਕਰਮ ਕਾਂਡਾਂ ਨੂੰ ਆੜੇ ਹੱਥੀਂ ਲਿਆ ਹੈ । ਇਹ ਪੁਸਤਕ ਜਪੁ ਜੀ ਸਾਹਿਬ ਦੀ ਵਿਆਖਿਆ 'ਚ ਇੱਕ ਹੋਰ ਨਿੱਗਰ ਵਾਧਾ ਹੈ । ਪਰੂਫ ਰੀਡਿੰਗ ਦੌਰਾਨ ਰਹਿ ਗਈਆ ਕੁਝ ਗਲਤੀਆਂ ਅਗਲੇ ਐਡੀਸ਼ਨ 'ਚ ਸੁਧਾਰਨ ਦੀ ਲੋੜ ਹੈ । ਗੁਰਬਾਣੀ ਵਿਆਖਿਆ 'ਚ ਰੁਚੀ ਰੱਖਣ ਵਾਲੇ ਪ੍ਰੇਮੀ ਭੌਰਿਆਂ ਨੂੰ ਭਾਈ ਜੋਗਿੰਦਰ ਸਿੰਘ ਸੇਠੀ ਦੀ 'ਪੰਜ ਪਉੜੀਆਂ' ਫੁੱਲਵਾੜੀ ਚੋਂ ਬੇਅੰਤ ਫੁੱਲਾਂ ਦੀ ਸੁਗੰਧੀ ਮਿਲੇਗੀ ।


**ਆਪਣੇ ਸਨੇਹੀ ਨੂੰ 'ਅੰਮ੍ਰਿਤ ਕੀਰਤਨ'**
**ਤੋਹਫੇ ਵਜੋਂ ਭੇਟ ਕਰੋ !**

*ਤੁਸੀਂ ਆਪਣੇ ਅਤਿ ਪਿਆਰੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ ! ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ ।*

*ਅੰਮ੍ਰਿਤ ਕੀਰਤਨ ਟ੍ਰਸਟ, 422, ਸੈਕਟਰ 15-ਏ ਚੰਡੀਗੜ੍ਹ ।*

ਕੈਸਟ ਸਮੀਖਿਆ

ਹਰਚਰਨ ਸਿੰਘ

# ਉਸਤਾਦ ਬਲਜੀਤ ਸਿੰਘ ਜੀ (ਨਾਮਧਾਰੀ)

ਕੁਝ ਸਮਾਂ ਪਹਿਲਾਂ 'ਸਰਬ ਸਾਂਝੀ ਗੁਰਬਾਣੀ' (ਟੈਕਸਲਾ) ਵੱਲੋਂ ਬਲਜੀਤ ਸਿੰਘ ਜੀ (ਨਾਮਧਾਰੀ) ਦੁਆਰਾ ਗਾਇਨ ਕੀਤੀ ਗਈ ਸ਼ਬਦਾਂ ਦੀ ਕੈਸਟ *'ਭਾਗ ਹੋਆ ਗੁਰ ਸੰਤ ਮਿਲਾਇਆ'* ਰਿਲੀਜ਼ ਕੀਤੀ ਗਈ। ਆਪ ਜੀ ਆਪਣੇ ਨਾਂ ਦੇ ਅੱਗੇ ਉਸਤਾਦ ਲਿਖਦੇ ਹਨ ਤੇ ਇਸ ਛੋਟੀ ਉਮਰ ਵਿੱਚ ਉਸਤਾਦਾਂ ਵਾਲਾ ਗਾਇਨ ਕਰਨ ਦੀ ਸਮਰੱਥਾ ਵੀ ਆਪ ਜੀ ਦੇ ਪਾਸ ਹੈ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਆਪ ਬਾਬਾ ਜਗਜੀਤ ਸਿੰਘ ਜੀ ਨਾਮਧਾਰੀ ਦੀ ਸੰਪ੍ਰਦਾ ਨਾਲ ਸਬੰਧ ਰੱਖਦੇ ਹਨ। ਬਾਬਾ ਜਗਜੀਤ ਸਿੰਘ ਜੀ ਦੀ ਸਿੱਖ ਜਗਤ ਨੂੰ ਇਹ ਬਹੁਤ ਭਾਰੀ ਦੇਣ ਹੈ ਕਿ ਆਪ ਜੀ ਨੇ ਕੁਝ ਨੌਜਵਾਨਾਂ ਨੂੰ ਸ਼ਾਸਤਰੀ ਸੰਗੀਤ ਦੇ ਵੱਖ ਵੱਖ ਖੇਤਰਾਂ ਵਿੱਚ ਉੱਚ ਕੋਟੀ ਦੀ ਸਿੱਖਿਆ ਦਿਲਵਾਈ ਹੈ। ਇਨ੍ਹਾਂ ਨੌਜਵਾਨ ਸੰਗੀਤਕਾਰਾਂ ਦੇ ਉਸਤਾਦਾਂ ਜਾਂ ਘਰਾਣਿਆਂ ਬਾਰੇ ਦਾਸ ਨੂੰ ਕੋਈ ਜਾਣਕਾਰੀ ਨਹੀਂ। (ਇਸ ਸਬੰਧ ਵਿੱਚ ਜੇ 'ਅੰਮ੍ਰਿਤ ਕੀਰਤਨ' ਦੇ ਕਿਸੇ ਪਾਠਕ ਨੂੰ ਜਾਣਕਾਰੀ ਹੋਵੇ ਤਾਂ ਉਹ ਕਿਰਪਾ ਕਰ ਕੇ ਇੱਕ ਲੇਖ ਲਿਖਣ ਦਾ ਯਤਨ ਕਰਨ)। ਪਰੰਤੂ ਇਹ ਨਿਸ਼ਚੇ ਨਾਲ ਕਿਹਾ ਜਾ ਸਕਦਾ ਹੈ ਕਿ ਹਰ ਨਾਮਧਾਰੀ ਕਲਾਕਾਰ ਆਪਣੀ ਕਲਾ ਵਿੱਚ ਸੰਪੂਰਨ ਹੈ। ਤਬਲਾ ਵਾਦਨ ਵਿੱਚ ਹਰਵਿੰਦਰ ਸਿੰਘ ਨਾਮਧਾਰੀ ਨੇ ਦੇਸ਼ ਵਿਦੇਸ਼ਾਂ ਵਿੱਚ ਉ: ਅਮਜਦ ਅਲੀ ਖਾਂ, ਪੰ: ਸ਼ਿਵ ਕੁਮਾਰ ਸ਼ਰਮਾ ਆਦਿ ਨਾਲ ਸੰਗਤ ਕਰ ਕੇ ਚੋਖਾ ਨਾਂ ਕਮਾਇਆ ਹੈ। ਸਰੋਦ ਵਾਦਨ ਵਿੱਚ ਗੁਰਦੇਵ ਸਿੰਘ ਨਾਮਧਾਰੀ ਪ੍ਰਵੀਨ ਹਨ। ਇਕ ਹੋਰ ਨਾਮਧਾਰੀ ਕਲਾਕਾਰ ਹਨ ਜੋ ਬਹੁਤ ਹੀ ਮਧੁਰ ਤਾਰ ਸ਼ਹਿਨਾਈ ਵਜਾਉਂਦੇ ਹਨ। ਇਸ ਢੰਗ ਨਾਲ ਬਾਬਾ ਜਗਜੀਤ ਸਿੰਘ ਜੀ ਇਕ ਸੰਸਥਾ ਦਾ ਕੰਮ ਕਰ ਰਹੇ ਹਨ।

ਖ਼ੈਰ, ਵਿਸ਼ੇ ਅਨੁਸਾਰ, ਕੈਸਟ ਦੀ ਪਹਿਲੀ ਸਾਈਡ ਦਾ ਪ੍ਰਥਮ ਸ਼ਬਦ ਹੈ, 'ਭਾਗ ਹੋਆ ਗੁਰਿ ਸੰਤੁ ਮਿਲਾਇਆ ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕ 96-97 'ਤੇ ਅੰਕਿਤ ਹੈ ਰਾਗ ਮਾਝ ਮਹਲਾ 5 ਚਉਪਦੇ ਘਰ 1 ਅਧੀਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਉਚਾਰਣ ਕੀਤਾ ਗਿਆ ਹੈ। ਇਹ ਚਾਰ ਪਦਾਂ ਦਾ ਸ਼ਬਦ ਹੈ ਜਿਸ ਦੀ ਪਹਿਲੀ ਪੰਕਤੀ ਹੈ, 'ਮੇਰਾ ਮਨੁ ਲੋਚੈ ਗੁਰ ਦਰਸਨ ਭਾਈ ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥' ਪਰੰਤੂ ਆਪ ਜੀ ਨੇ ਚੌਥੇ ਅਤੇ ਅਖੀਰਲੇ ਪਦ ਨੂੰ ਹੀ ਗਾਇਨ ਕੀਤਾ ਹੈ। ਕਹਿਰਵਾ ਤਾਲ ਵਿੱਚ ਨਿਬੱਧ ਇਸ ਸ਼ਬਦ ਦੀ ਗਾਇਨ ਸ਼ੈਲੀ ਸੁਹਣੀ ਹੈ ਅਤੇ ਬੰਸੁਰੀ ਤੇ ਸਿਤਾਰ ਦਾ ਸਾਥ ਵੀ ਢੁਕਵਾਂ ਹੈ।

ਇਸੇ ਸਾਈਡ ਦਾ ਦੂਸਰਾ ਸ਼ਬਦ ਹੈ, 'ਧਨਿ ਧੰਨਿ ਹਮਾਰੇ ਭਾਗ ਘਰਿ ਆਇਆ ਪਿਰੁ ਮੇਰਾ ॥ ਸੋਹੇ ਬੰਕ ਦੁਆਰ ਸਗਲਾ ਬਨੁ ਹਰਾ ॥' ਇਹ ਸ਼ਬਦ ਬਿਲਾਵਲ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 847 ਉਪਰ ਅੰਕਿਤ ਹੈ, ਪਰ ਆਪ ਜੀ ਨੇ ਇਸ ਸ਼ਬਦ ਨੂੰ ਰਾਗ ਬਿਲਾਵਲ ਵਿਚ ਨਾ ਗਾ ਕੇ ਹਿੰਦੁਸਤਾਨੀ ਰਾਗ ਸ਼ਿਵਰੰਜਨੀ ਵਿੱਚ ਬੜੇ ਹੀ ਸੁੰਦਰ ਅੰਦਾਜ਼ ਵਿੱਚ ਗਾਇਨ ਕੀਤਾ ਹੈ। ਵੈਸੇ ਵੀ ਸ਼ਿਵਰੰਜਨੀ ਹਿੰਦੁਸਤਾਨੀ ਰਾਗਾਂ 'ਚੋਂ ਇਕ ਅਤਿ ਮਿੱਠਾ ਰਾਗ ਮੰਨਿਆ ਗਿਆ ਹੈ ਅਤੇ ਹੈ ਭੀ, ਇਹ ਸ਼ਬਦ ਵੀ ਕਹਿਰਵੇ ਤਾਲ ਵਿੱਚ ਨਿਬੱਧ

## ਲੇਖਕਾਂ ਪ੍ਰਤੀ ਬੇਨਤੀ

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ।*

*-ਸੰਪਾਦਕ*

ਹੈ । ਆਪ ਜੀ ਆਪਣੀਆਂ ਸਾਰੀਆਂ ਰੀਤਾਂ ਵਿੱਚ ਅਲਾਪ ਅਤੇ ਸਰਗਮਾ ਦਾ ਕਾਫੀ ਪ੍ਰਯੋਗ ਕਰਦੇ ਹਨ । ਇੱਕ ਗੱਲ ਹੋਰ ਕਿ ਆਪ ਜੀ ਦਾ ਸੁਰ ਨਾਸਿਕਾ 'ਚੋਂ ਨਿਕਲਦਾ ਹੈ। ਆਪ ਜੀ ਦੇ ਕੰਠ ਵਿੱਚ ਕਾਫੀ ਲਚਕ ਅਤੇ ਰਿਆਜ਼ਦਾਰੀ ਹੋਣ ਕਾਰਨ ਕਈ ਵੇਰ ਤਾਂ ਆਪ ਜੀ ਦੂਸਰੇ ਸਕੇਲ 'ਤੇ ਪਹੁੰਚ ਜਾਂਦੇ ਹਨ, ਕਿਸੇ ਕਿਸੇ ਥਾਂ 'ਤੇ ਪ੍ਰਮਾਣ ਵੀ ਦਿੰਦੇ ਹਨ । ਤਬਲੇ ਦੀ ਸੰਗਤ ਠੀਕ ਠੀਕ ਹੈ ।

ਏ ਸਾਈਡ ਦਾ ਤੀਸਰਾ ਸ਼ਬਦ ਹੈ, 'ਮੋ ਕਉ ਤੂੰ ਨਾ ਬਿਸਾਰਿ, ਤੂ ਨਾ ਬਿਸਾਰਿ ॥ ਤੂ ਨ ਬਿਸਾਰੇ ਰਾਮਈਆ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1292-93 ਉੱਪਰ ਮਲਾਰ (ਭਗਤ ਨਾਮਦੇਵ ਜੀਉ) ਅਧੀਨ ਅੰਕਿਤ ਹੈ । ਇਸ ਸ਼ਬਦ ਦੀ ਰੀਤ ਬਾਰੇ ਇਹ ਵਰਨਣਯੋਗ ਹੈ ਕਿ ਇਸ ਨੂੰ ਆਪਜੀ ਨੇ ਪੱਛਮੀ ਬੰਗਾਲ ਅਤੇ ਬੰਗਲਾ ਦੇਸ਼ ਦੇ ਬਾਊਲ ਗਾਇਕਾਂ ਅਤੇ ਕਿਸ਼ਤੀ ਚਾਲਕਾਂ ਵਿੱਚ ਪ੍ਰਚੱਲਿਤ 'ਭਟਿਆਲੀ' ਲੋਕ ਸੰਗੀਤ 'ਤੇ ਗਾਇਨ ਕੀਤਾ ਹੈ । 'ਭਟਿਆਲੀ' ਅਤਿ ਹੀ ਮਿਠਾਸ ਵਾਲੀ ਧੁਨ ਹੈ ਅਤੇ ਪੰ: ਰਵੀ ਸ਼ੰਕਰ, ਉ: ਵਿਲਾਇਤ ਖਾਂ ਆਦਿ ਵੱਡੇ ਵੱਡੇ ਸੰਗੀਤਕਾਰ ਆਪਣੀ ਬੈਠਕ ਦਾ ਅੰਤ 'ਭਟਿਆਲੀ' ਨਾਲ ਹੀ ਕਰਦੇ ਹਨ । ਇਸ ਸ਼ਬਦ ਨੂੰ ਆਪ ਜੀ ਨੇ ਦਾਦਰਾ ਤਾਲ ਵਿੱਚ ਗਾਇਨ ਕੀਤਾ ਹੈ, ਪਰੰਤੂ ਰੀਤ ਦੇ ਅਨੁਸਾਰ ਤਬਲੇ 'ਤੇ ਠੇਕੇ ਦਾ ਚਲਨ ਵਿਕਟ ਅਰਥਾਤ ਟੇਢਾ ਹੋਣਾ ਚਾਹੀਦਾ ਸੀ, ਪਰ ਤਬਲਾ ਵਾਦਕ ਨੇ ਸਿੱਧਾ ਦਾਦਰਾ ਹੀ ਵਜਾਇਆ ਹੈ, ਕੇਵਲ ਅੰਤਲੀ ਅਸਥਾਈ ਵਿੱਚ ਲੱਗੀ ਵਜਾਈ ਹੈ ਜੋ ਕਿ ਬਹੁਤ ਹੀ ਢੁਕਵੀਂ ਹੈ । ਸ਼ਬਦ ਦਾ ਗਾਇਨ ਸੁਹਣਾ ਹੈ ਅਤੇ ਇਕ ਨਿਵੇਕਲੀ ਪ੍ਰਿਤ ਵੀ ।

ਕੈਸਟ ਦੀ 'ਬੀ' ਸਾਈਡ ਦਾ ਪਹਿਲਾ ਸ਼ਬਦ ਹੈ, 'ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1349-50 ਉੱਪਰ ਪ੍ਰਭਾਤੀ ਕਬੀਰ ਜੀਉ ਅਧੀਨ ਅੰਕਿਤ ਹੈ । ਇਸ ਸ਼ਬਦ ਦੀ ਰਹਾਉ ਦੀ ਤੁਕ, "ਲੋਗਾ ਭਰਮਿ ਨ ਭੂਲਹੁ ਭਾਈ ॥ ਖਾਲਿਕੁ ਖਲਕ, ਖਲਕ ਮਹਿ ਖਾਲਿਕੁ, ਪੂਰਿ ਰਹਿਓ ਸ੍ਰਬ ਠਾਂਈ ॥" ਹੈ । ਇਹ ਸ਼ਬਦ ਦਾਦਰਾ ਤਾਲ ਵਿੱਚ ਨਿਬੱਧ ਹੈ ਅਤੇ ਤਬਲੇ ਦਾ ਠੇਕਾ ਰੀਤ ਅਨੁਸਾਰ ਹੀ ਚਲੰਤ ਹੈ । ਰਾਗ ਪ੍ਰਭਾਤੀ ਵਿੱਚ ਹੀ ਗਾਇਨ ਕੀਤੇ ਗਏ ਇਸ ਸ਼ਬਦ ਨਾਲ ਬੰਸੁਰੀ ਦਾ ਬਹੁਤ ਸੁਹਣਾ ਪ੍ਰਯੋਗ ਹੈ ।

'ਬੀ' ਸਾਈਡ ਦਾ ਦੂਸਰਾ ਸ਼ਬਦ ਹੈ, 'ਠਾਕੁਰ ਜੀਉ ਤੁਹਾਰੋ ਪਰਨਾ ॥ ਮਾਨੁ ਮਹਤੁ ਤੁਮਾਰੈ ਊਪਰਿ, ਤੁਮਰੀ ਓਟ ਤੁਮਾਰੀ ਸਰਨਾ ॥' ਇਹ ਸ਼ਬਦ ਕਾਨੜਾ ਮਹਲਾ 5 ਅਧੀਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1299-1300 ਉੱਪਰ ਅੰਕਿਤ ਹੈ । ਇਹ ਸ਼ਬਦ ਕਹਿਰਵਾ ਤਾਲ ਵਿਚ ਨਿਬੱਧ ਹੈ ਅਤੇ ਰਾਗ ਕਾਨੜਾ ਵਿੱਚ ਹੀ ਗਾਇਨ ਕੀਤਾ ਗਿਆ ਹੈ । ਸ਼ਬਦ ਦੀ ਰੀਤ ਦੇ ਅਰੰਭ ਹੋਣ 'ਤੇ ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਤਿੰਨ ਤਾਲ ਵਿੱਚ ਗਾਇਨ ਕੀਤਾ ਗਿਆ ਹੈ, ਪਰ ਕਹਿਰਵੇ ਤਾਲ ਵਿੱਚ ਵੀ ਗਾਇਨ ਕਰ ਕੇ ਆਪ ਜੀ ਨੇ ਆਪਣੀ ਮੁਹਾਰਤ ਵਿਖਾਈ ਹੈ ।

ਇਸੇ ਸਾਈਡ ਦਾ ਅਤੇ ਕੈਸਟ ਦਾ ਅੰਤਲਾ ਸ਼ਬਦ ਹੈ. 'ਮਿਹਰਵਾਨੁ ਸਾਹਿਬੁ ਮਿਹਰਵਾਨੁ ॥ ਸਾਹਿਬ ਮੇਰਾ ਮਿਹਰਵਾਨੁ ॥' ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 724 ਉੱਪਰ ਤਿਲੰਗ ਮਹਲਾ 5 ਘਰ 3 ਅਧੀਨ ਅੰਕਿਤ ਹੈ, ਇਸ ਸ਼ਬਦ ਨੂੰ ਆਪ ਜੀ ਨੇ ਭੈਰਵੀ ਰਾਗ ਵਿੱਚ ਦਾਦਰਾ ਤਾਲ 'ਤੇ ਗਾਇਨ ਕੀਤਾ ਹੈ ।

ਸੰਪੂਰਨ ਤੌਰ 'ਤੇ ਕੈਸਟ ਸੋਹਣੀ ਬਣ ਆਈ ਹੈ ਅਤੇ ਆਸ ਕੀਤੀ ਜਾਂਦੀ ਹੈ ਕਿ ਉਸਤਾਦ ਬਲਜੀਤ ਸਿੰਘ ਜੀ ਦੀਆਂ ਹੋਰ ਕੈਸਟਾਂ ਮਾਰਕੀਟ ਵਿੱਚ ਸ਼ੀਘਰ ਹੀ ਉਪਲੱਬਧ ਹੋਣਗੀਆਂ । ਨਹੀਂ ਤਾਂ ਅੱਜ ਕੱਲ ਤਾਂ ਕੇਵਲ ਦੋ ਤਿੰਨ ਰਾਗੀ ਜੱਥਿਆਂ ਨੇ ਹੀ ਮਾਰਕੀਟ ਨੂੰ ਕੰਟਰੋਲ ਕੀਤਾ ਹੋਇਆ ਹੈ ।

---

**ਚੰਗਾ ਲਗਣ ਲਈ**

*ਸਾਥੀਆਂ ਦੀ ਸੁਹਬਤ ਨਾਲ ਖੁਸ਼ ਜਾਪੋ । ਖੁਸ਼ ਕਰਨ ਨਾਲੋਂ ਖੁਸ਼ ਜਾਪਣ ਦਾ ਜਤਨ ਕਰੋ ।*

**ਚੰਗਾ ਲੱਗਣ ਲਈ**

*ਜਿੱਥੇ ਤੁਸੀਂ ਸਹਿਮਤ ਨਹੀਂ ਉਥੇ ਸਿਆਣੀ ਖਾਮੋਸ਼ੀ - ਤੇ ਜਿਥੇ ਸਹਿਮਤ ਹੋ ਉਥੇ ਖੁਸ਼ੀ ਪ੍ਰਗਟ ਕਰੋ ।*

# ਗੁਰਬਾਣੀ ਸੰਗੀਤ ਸੰਬੰਧੀ ਪੁਸਤਕਾਂ ਦਾ ਵੇਰਵਾ

ਪੁਸਤਕ ਦਾ ਨਾਂ : ਭਲੋ ਭਲੋ ਰੇ ਕੀਰਤਨੀਆਂ
ਲੇਖਕ : ਕੁਲਦੀਪ ਸਿੰਘ ਹਉਰਾ
ਪ੍ਰਕਾਸ਼ਕ : ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ

ਤਤਕਰਾ : ਭਲੋ ਭਲੋ ਰੇ ਕੀਰਤਨੀਆਂ, ਸੱਜਣ ਮੁਖ ਅਨੂਪ ਅਠੇ ਪਹਰ ਨਿਹਾਲਸਾਂ, ਆਤਮ ਰਸੁ ਜਿਹ ਜਾਨਿਆ, ਜਿਥੇ ਨਾਮੁ ਜਪੀਐ ਪ੍ਰਭ ਪਿਆਰੇ, ਪਿਉ ਦਾਦੇ ਕਾ ਖੋਲ੍ਹ, ਗੁਰ ਨਾਨਕ ਤੁਠਾ ਕੀਨੀ ਦਾਤਿ, ਵਿਦਿਆ ਵੀਚਾਰੀ ਤਾਂ ਪਰਉਪਕਾਰੀ, ਤਹਾਂ ਬੈਕੁੰਠ ਜਹ ਕੀਰਤਨ ਤੇਰਾ, ਮੁਹਿ ਮਰਨੇ ਕਾ ਚਾਉ ਹੈ, ਸੇਵਾ ਕਰਤ ਹੋਇ ਨਿਹਕਾਮੀ, ਹਰ ਜਸ ਸ੍ਰਵਨ ਸੁਨਾਵਨਾ, ਕੀਰਤਨ ਨਿਰਮੋਲਕ ਹੀਰਾ, ਆਏ ਤੇ ਪ੍ਰਵਾਨ, ਪੰਖੀ ਚਲੇ ਦਿਸਾਪੁਰੀ, ਸੇਵਕ ਕੀ ਓੜਕਿ ਨਿਬਹੀ, ਜੋ ਤਿਸ ਭਾਵੈ ਨਾਨਕਾ..... ।

ਪੁਸਤਕ ਦਾ ਨਾਂ : ਰਾਗ ਪ੍ਰਬੋਧ

ਲੇਖਕ ਦਾ ਨਾਂ : ਪ੍ਰੋ. ਗੁਰਦਿਆਲ ਸਿੰਘ "ਕਵੀ ਰਾਜ" ਐਮ.ਏ. (ਇਨ) ਸੰਗੀਤ ਪ੍ਰਵੀਨ

ਪ੍ਰਕਾਸ਼ਕ : ਚੇਅਰਮੈਨ, ਗੁਰੂ ਨਾਨਕ ਸੰਗੀਤ ਮਿਸ਼ਨ ਬੋਰਡ ਡੇਰਾ ਸੰਤਪੁਰਾ, ਯਮੁਨਾ ਨਗਰ (ਹਰਿਆਣਾ)

ਤਤਕਰਾ : ਰਾਗ-ਛਾਯਾ ਨਟ, ਸ਼ਾਸਤਰ ਪ੍ਰਬੋਧ, ਸੁਰ ਅਲਾਪ । ਅਡਾਨਾਂ, ਸ਼ਾਸਤਰ ਪ੍ਰਬੋਧ, ਰਾਗ ਗੌਂਡ ਮਲਾਰ, ਸ਼ਾਸਤਰ ਪ੍ਰਬੋਧ, ਰਾਗ ਬਿਭਾਸ, ਸ਼ਾਸਤਰ ਪ੍ਰਬੋਧ, ਰਾਗ ਗੌੜ ਸਾਰੰਗ, ਸ਼ਾਸਤਰ ਪ੍ਰਬੋਧ, ਰਾਗ ਦਰਬਾਰੀ ਕਾਨੜਾ ਸ਼ਾਸਤਰ, ਰਾਗ ਰਾਗੇਸ਼ਰੀ ਸ਼ਾਸਤਰ ਪ੍ਰਬੋਧ, ਰਾਗ ਮੀਆਂ ਮਲਾਰ, ਸ਼ਾਸਤਰ ਪ੍ਰਬੋਧ, ਰਾਗ ਟੋਡੀ ਪ੍ਰਬੋਧ, ਰਾਗ ਸਿਰੀ ਰਾਗ ਸ਼ਾਸਤਰ ਪ੍ਰਬੋਧ ।

*ਨੋਟ :* ਇਸ ਪੁਸਤਕ ਵਿੱਚ ਹਰ ਰਾਗ ਦੇ ਸੁਰ ਅਲਾਪ, ਅਲੰਕ੍ਰਿਤ ਤਾਨਾ, ਰਾਗ ਲਛਣ ਗੀਤ, ਧਰੁਪਦ, ਧਮਾਰ ਆਦਿ ਦਿੱਤੇ ਗਏ ਹਨ ।

ਪੁਸਤਕ ਦਾ ਨਾਂ : ਸੰਗੀਤ ਕਲਾਧਰ

ਲੇਖਕ : ਸ਼੍ਰੀਯੁਤ ਜਮੁਨਾ ਦਾਸ ਜੀ ਮੇਹਰਾ

ਪ੍ਰਕਾਸ਼ਕ : ਭਗਤ ਮੁਕੰਦ ਲਾਲ ਧਰਮਾਰਥ ਟ੍ਰਸਟ ।

ਤਤਕਰਾ : ਪ੍ਰਥਮ ਖੰਡ : ਸ਼ੁਧ ਸੰਗੀਤ- ਧਵਨੀ, ਧਵਨੀ ਭੇਦ ਸੁਰ ਭੇਦ, ਗ੍ਰਾਮ, ਸੁਰ ਸਰੂਪ, ਛੇ ਰਾਗ, ਰਾਗ ਰਾਗਿਣੀ ਰਾਗਾਂ ਦੀਆਂ ਜਾਤਾਂ, ਰਾਗ ਵਰਣ, ਆਰੋਹੀ ਅਵਰੋਹੀ, ਰਾਗ ਰਾਗਣੀ

*ਵਿਸਥਾਰ :* ਭੈਰਵ ਤੇ ਉਸਦੀਆਂ ਪੰਜ ਰਾਗਣੀਆਂ, ਮਾਲਕੋਸ ਤੇ ਉਸਦੀਆਂ ਪੰਜ ਰਾਗਣੀਆਂ, ਹਿੰਡੋਲ ਰਾਗ, ਦੀਪਕ ਰਾਗ, ਸ੍ਰੀ ਰਾਗ, ਮੇਘ ਰਾਗ ਉਪਰੋਕਤ ਰਾਗਾਂ

## *ਹਥਲੀ ਪੂਣੀ*

*ਬਹੁਤੇ ਲੋਕਾਂ ਨੂੰ ਇਹ ਜੀਵਨ ਵਰਤਣਾ ਤੇ ਆਇਆ ਨਹੀਂ, ਪਰ ਉਹ ਅਗਲੇ ਜੀਵਨ ਨੂੰ ਤਾਂਘਦੇ ਹਨ ਜਿਸਦਾ ਅੰਤ ਕੋਈ ਨਾ ਹੋਵੇ । ਅਰਥਾਤ ਹਥਲੀ ਪੂਣੀ ਕੱਤਣ ਦਾ ਵੱਲ ਨਹੀਂ, ਪਰ ਪੂਣੀਆਂ ਦੇ ਛਿੱਕੂ ਲਈ ਵਿਆਕੁਲ ਹੋ ਰਹੇ ਹਨ ।*

ਦੀਆਂ ਪੰਜ ਰਾਗਣੀਆਂ

**ਦੂਸਰਾ ਖੰਡ** : ਹਰਮੋਨੀਅਮ ਸਿਖਯਾ ਅਰੰਭ, ਅਭਿਆਸ, ਸੱਤ ਸੁਰਾਂ, ਸੱਤ ਸੁਰਾਂ ਜਾਨਣ ਦਾ ਨਕਸ਼ਾ

**ਕੋਮਲ ਅਰ ਤੀਬਰ ਸਹਿਤ ਸੱਤ ਸੁਰ** : ਦਾ ਨਕਸ਼ਾ, ਸੁਰ ਅਦਲ ਬਦਲਕੇ ਕੋਮਲ ਤੀਬਰ ਦੇਖਣ ਦੇ ਨਕਸ਼ੇ ।

**ਅਭਿਆਸ** : ਸ਼ੁੱਧ ਸਰਗਮ, ਆਰੋਹੀ, ਅਵਰੋਹੀ । ਸ਼ੁੱਧ ਸਰਗਮ ਦਾ ਨਕਸ਼ਾ, ਅਭਿਆਸ ਵਾਸਤੇ ਸ਼ੁੱਧ ਸਰਗਮ,

**ਤੀਸਰਾ ਖੰਡ** : ਰਾਗ ਰਾਗਿਣੀ ਦਾ ਸਰੂਪ ਦਰਸ਼ਨ ਨਕਸ਼ੇ ਸਹਿਤ, ਭੈਰਵ ਰਾਗ ਦੇ ਸਰੂਪ ਦਾ ਨਕਸ਼ਾ ਅਰ ਸਰਗਮ, ਰਾਮਕਲੀ ਦਾ ਸਰਗਮ ਤੇ ਸਰੂਪ ਦਾ ਨਕਸ਼ਾ, ਵਿਭਾਸ ਦਾ ਸਰਗਮ, ਲਲਿਤ, ਭੈਰਵੀ, ਆਸਾਵਰੀ ਜੌਨਪੁਰੀ, ਮਾਲਕੋਸ, ਸਾਰੰਗ, ਸ਼ੁਧ ਸਾਰੰਗ, ਬ੍ਰਿੰਦਾਬਨੀ, ਦੁਰਗਾ, ਭੀਮ ਪਲਾਸੀ, ਪੂਰੀਆਂ, ਪੂਰਬੀ, ਮੁਲਤਾਨੀ, ਹਿੰਡੋਲ, ਸ਼ੁੱਧ ਕਲਿਆਣ, ਸ਼ਾਮ ਕਲਿਆਣ, ਭੂਪਾਲੀ ਕਲਿਆਣ, ਖਮਾਜ, ਬਾਗੇਸ਼ਰੀ, ਛਾਯਾ, ਕੇਦਾਰਾ, ਕਾਮੋਦ, ਖੰਭਾਵਤੀ, ਬਿਹਾਗ, ਸੋਹਨੀ, ਦਾ ਸਰਗਮ ਤੇ ਸਰੂਪ ਦਾ ਨਕਸ਼ਾ

***ਚੌਥਾ ਖੰਡ*** : ਸਰਗਮ ਸਹਿਤ ਗਾਇਨ ਵਿਸਥਾਰ, ਸਹਿਜ ਤਰੀਕਾ, ਵਿਸ਼ੇਸ ਤਰੀਕਾ, ਸਰਗਮ ਸਹਿਤ ਗਾਇਨ ਭੈਰਵ, ਪ੍ਰਭਾਤੀ, ਆਸਾ, ਰਾਮਕਲੀ, ਬਿਭਾਸ, ਭੈਰਵੀ, ਮੀਏਂ ਦੀ ਟੋਡੀ, ਆਸਾਵਰੀ, ਯੋਗੀਆ, ਮਾਲਕੋਸ, ਬਹੂਲਾ, ਸਰਮਗ, ਹਿੰਡੋਲ, ਸ਼ੁੱਧ ਕਲਿਆਣ, ਖਮਾਜ, ਕਾਨੜਾ, ਦਰਬਾਰੀ, ਖੇਮ, ਕੇਦਾਰਾ, ਦੇਸ਼ ਖੰਭਾਵਤੀ, ਸੋਹਨੀ ਵਡਹੰਸ, ਭੁਪਾਲੀ ਧਮਾਰ, ਠੁਮਰੀ, ਬਸੰਤ, ਹੋਲੀ ਪੀਲੋਂ, ਪਹਾੜੀ, ਕਵਾਲੀ, ਪੀਲੋਂ ਗਜ਼ਲ ।

***ਨੋਟ*** : ਇਹ ਪੁਸਤਕ 1940 ਵਿੱਚ ਛਪੀ ਸੀ । ਹੁਣ ਨਹੀਂ ਮਿਲਦੀ । ਜੇ ਕਿਸੇ ਕੋਲ ਹੋਵੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰੇ ।

**ਪੁਸਤਕ ਦਾ ਨਾਂ : ਨਿਰਬਾਣ ਕੀਰਤਨੁ**

**ਲੇਖਕ : ਗਿਆਨੀ ਹਰਬੰਸ ਸਿੰਘ, ਚੰਡੀਗੜ੍ਹ**

**ਪ੍ਰਕਾਸ਼ਕ : ਗਿਆਨੀ ਜੀਵਨ ਸਿੰਘ, ਰੀਟਾਇਰਡ-ਅਸਿਸਟੈਂਟ ਰਜਿਸਟਰਾਰ, ਪੰਜਾਬ ਯੂਨੀਵਰਸਿਟੀ**

**ਤਤਕਰਾ** : ਬੇਨਤੀ, ਬਖਸ਼ਿਸ਼, ਮੰਗਲਾਚਰਨ-ਸਮਰਪਣ, ਮੁੱਖ ਬੰਧ (ਸਿੰਘ ਸਾਹਿਬ ਗਿ: ਕ੍ਰਿਪਾਲ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ), ਦੋ ਸ਼ਬਦ, ਕੀਰਤਨ ਪ੍ਰਵੇਸ਼, ਕੀਰਤਨ ਪ੍ਰਕਾਸ਼, ਨਿਰਬਾਨ ਕੀਰਤਨ ਦੀ ਪਿਰਤ, ਗੁਰਮਤਿ ਰਾਗ ਰਤਨਾਵਲੀ, ਕੀਰਤਨ ਕੇਂਦਰ, ਕੀਰਤਨ ਹਜ਼ੂਰੀ, ਕੀਰਤਨ ਰਸ, ਕੀਰਤਨ ਭੇਟਾ, ਭਲੋ ਭਲੋ ਰੇ ਕੀਰਤਨੀਆ, ਕੀਰਤਨ ਪ੍ਰਮਾਣ, ਅਦਭੁੱਤ ਕੀਰਤਨ ਸਮਾਗਮ, ਕੀਰਤਨ ਰੈਣ ਸਬਾਈ, ਪੋਥੀਆਂ ਤੋਂ ਕੀਰਤਨ, ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਦੀ ਕੀਰਤਨ ਮਰਿਆਦਾ, ਕੀਰਤਨ ਰਹੁ-ਰੀਤੀਆਂ,

ਗੁਰਮਤਿ ਅਤੇ ਸੰਗੀਤ (ਭਾਗ ਦੂਜਾ) ਸੰਗੀਤ ਦਾ ਸੰਕਲਪ, ਸੰਗੀਤ ਪਰਿਚੈ । ਰੁੱਤਾਂ ਅਤੇ ਰਾਗ ਰਸ, ਗੁਰਬਾਣੀ ਰਾਗ ਬਿਉਰਾ, ਅੰਤਿਕਾ (ਕੀਰਤਨ ਪ੍ਰਚਾਰ ਦੇ ਅਜੋਕੇ ਸਾਧਨ)

***ਇਕ ਚੰਗੀ ਆਦਤ***

*ਮੈਗਜ਼ੀਨ ਦਾ ਚਿੱਟ ਨੰਬਰ ਜ਼ਰੂਰ ਕਿਸੇ ਡਾਇਰੀ ਵਿੱਚ ਨੋਟ ਕਰਕੇ ਰੱਖੋ । ਇਸ ਤਰ੍ਹਾਂ ਤੁਸੀਂ ਮੈਗਜ਼ੀਨ ਦੇ ਨਾ ਪੁੱਜਣ 'ਤੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਆਪਣਾ ਤੇ ਮੈਗਜ਼ੀਨ ਪ੍ਰਬੰਧਕਾਂ ਦਾ ਬਹੁਤ ਸਾਰਾ ਸਮਾਂ ਬਚਾ ਸਕਦੇ ਹੋ ।*

*ਮੈਗਜ਼ੀਨ ਨਾ ਪੁੱਜਣ ਦੀ ਤੁਰੰਤ ਸੂਚਨਾ ਦਿਓ । 5 ਜਾਂ 6 ਮਹੀਨੇ ਬਾਅਦ ਸ਼ਿਕਾਇਤ ਭੇਜਣ ਲਈ ਤੁਸੀਂ ਵੀ ਜ਼ਿੰਮੇਵਾਰ ਬਣ ਜਾਂਦੇ ਹੋ ਤੇ ਅਸੀਂ ਵੀ ਆਪਦੀ ਸੇਵਾ ਨਹੀਂ ਕਰ ਸਕਦੇ ।*

# ਪ੍ਰਸ਼ਨਾਵਲੀ - 6

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਭੇਜਣ ਵਾਲਿਆਂ ਨੂੰ ਪੁਸਤਕਾਂ/ਰਸਾਲੇ ਇਨਾਮ ਵਜੋਂ ਦਿੱਤੇ ਜਾਣਗੇ। ਉੱਤਰ 20 ਮਈ ਤੱਕ ਪੁਜਣੇ ਜ਼ਰੂਰੀ ਹਨ।

1. ਮਹਾਰਾਜਾ ਰਣਜੀਤ ਸਿੰਘ ਕਾਲ ਦੇ ਪ੍ਰਸਿੱਧ ਕੀਰਤਨੀਏ ਅਤੇ ਸੰਗੀਤਕਾਰਾਂ ਦੇ ਨਾਮ ਲਿਖੋ ?
2. ਪ੍ਰੋ. ਕਰਤਾਰ ਸਿੰਘ ਹੁਸ਼ਿਆਰਪੁਰ ਵਾਲਿਆਂ ਨੇ ਕੀਰਤਨ ਸਿਖਾਉਣ ਦੀ ਵਿਧੀ ਕਿਸ ਤੋਂ ਸਿਖੀ ?
3. ਭਾਈ ਸਮੁੰਦ ਸਿੰਘ ਦੀ ਗਾਇਨ ਸ਼ੈਲੀ ਵਿੱਚੋਂ ਕਿਹੜੇ ਪ੍ਰਸਿੱਧ ਕਲਾਸੀਕਲ ਗਾਇਕ ਦੀ ਗਾਇਕੀ ਦੀ ਝਲਕ ਪੈਂਦੀ ਹੈ ?
4. ਰਾਗ ਸੂਹੀ ਦਾ ਆਰੋਹ-ਅਵਰੋਹ ਲਿਖੋ ?
5. ਰੂਪ ਤਾਲ ਦੇ ਬੋਲ ਲਿਖੋ ?

**ਉੱਤਰ ਭੇਜਣ ਸਮੇਂ ਆਪਣਾ ਨਾਮ, ਪਤਾ, ਉਮਰ, ਰੁਚੀ, ਪੜ੍ਹਾਈ ਅਤੇ ਕੰਮ-ਕਿੱਤੇ ਬਾਰੇ ਜ਼ਰੂਰ ਦੱਸੋ ਜੀ।**

***ਪ੍ਰਸ਼ਨਾਵਲੀ -6 ਦੇ ਸਹੀ ਉੱਤਰ :***

1. ਕੀਰਤਨੀਆਂ ਇੱਕ ਤਾਲ ਜਾਂ ਤਿੰਨਤਾਲ ਆਦਿ ਦੀ ਵਿਲੰਬਤ ਲੈਅ ਵਿਚ ਜਿਹੜੇ ਰਾਗ ਵਿੱਚ ਉਸਨੇ ਪਹਿਲਾ ਸ਼ਬਦ ਗਾਉਣਾ ਹੈ ਉਸੇ ਰਾਗ ਵਿੱਚ ਗੁਰਬਾਣੀ ਦੇ ਕਿਸੇ ਸਲੋਕ ਜਾਂ ਬੰਦ ਰਾਹੀਂ ਡੰਡੋਤ ਕਰਦਾ ਹੈ।
2. ਭਗਤ ਰਵਿਦਾਸ ਜੀ ਨੇ 16 ਰਾਗਾਂ ਵਿੱਚ ਬਾਣੀ ਰਚੀ।
3. ਰਾਗ ਲਲਿਤ ਦੀ ਪਕੜ ਇਸ ਪ੍ਰਕਾਰ ਹੈ : ਨ਼ੀ ਰੇ ਗਾ ਮ, ਮਧ਼ ਮਂ ਮ ਮ ਗ।
4. ਰਾਗ ਖਮਾਜ ਦੀ ਅਰੋਹ ਅਵਰੋਹ ਇਸ ਪ੍ਰਕਾਰ ਹੈ :

   ਅਰੋਹ : ਸ ਗ ਮ ਪ ਧ ਨੀ ਸਂ

   ਅਵਰੋਹ : ਸਂ ਨ਼ੀ ਧਾ ਪ ਮ ਗ ਰੇ ਸ

***ਠੀਕ ਉੱਤਰ ਭੇਜਣ ਵਾਲਿਆਂ ਦੇ ਨਾਮ :***

1. ਮਿਸਜ ਦਮਿਅੰਤੀ ਜੀ ਐਮ.ਏ.
   283, ਸੈਕਟਰ 11-ਏ, ਚੰਡੀਗੜ੍ਹ
2. ਉਸਤਾਦ ਜੋਗਿੰਦਰ ਸਿੰਘ ਜੋਗੀ
   1/41, ਘਨਸ਼ਾਮ ਨਗਰ ਛੇਵੀਂ ਛੱਤ
   ਅਪੋਜਿਟ ਨਾਖਵਾ ਹਾਈ ਸਕੂਲ
   ਤਿਲਕ ਰੋਡ ਥਾਨਾ (ਬੰਬਈ)
3. ਸ੍ਰ. ਕਸ਼ਮੀਰਾ ਸਿੰਘ, ਲੇਨ-1-ਏ.
   ਨਿਊ ਸਤਨਾਮ ਨਗਰ, ਫਗਵਾੜਾ



# ਵਿਸਾਖੀ ਦੀਆਂ ਵਧਾਈਆਂ

## ਪੰਜਾਬ ਦੇ ਅਮੀਰ ਵਿਰਸੇ ਨੂੰ ਮਨਾਉਣ ਦਾ ਮੌਕਾ



ਪ੍ਰਕਾਸ਼ ਸਿੰਘ ਬਾਦਲ
ਮੁੱਖ ਮੰਤਰੀ, ਪੰਜਾਬ

ਇਸ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਵੱਖ ਵੱਖ ਜਾਤਾਂ ਨਾਲ ਸਬੰਧਤ ਪੰਜ ਪਿਆਰੇ ਸਾਜ ਕੇ ਖਾਲਸਾ ਪੰਥ ਦੀ ਸਥਾਪਨਾ ਕੀਤੀ ਅਤੇ ਇਸ ਤਰ੍ਹਾਂ ਧਰਮ ਨਿਰਪੱਖਤਾ, ਭਾਵਾਤਮਕ ਅਖੰਡਤਾ, ਵਿਸ਼ਵ ਭਾਈਚਾਰਾ, ਧਾਰਮਿਕ ਸਹਿਨਸ਼ੀਲਤਾ ਨੂੰ ਪ੍ਰੋਮੋਟ ਕਰਨ ਅਤੇ ਜਾਤ ਪਾਤ ਦੀ ਬੁਰਾਈ ਨੂੰ ਖਤਮ ਕਰਨ .ਲਈ ਇਕ ਨਵਾਂ ਸਮਾਜਕ ਢਾਂਚਾ ਖੜ੍ਹਾ ਕੀਤਾ । .

ਇਸ ਦਿਨ ਲੰਮੀਆਂ ਸੁਨਹਿਰੀ ਫਸਲਾਂ ਕਿਸਾਨਾਂ ਵਿਚ ਪ੍ਰਾਪਤੀ ਦਾ ਨਵਾਂ ਜੋਸ਼ ਪੈਦਾ ਕਰ ਕੇ ਖੁਸ਼ੀ ਨਾਲ ਉਨ੍ਹਾਂ ਨੂੰ ਨੱਚਣ ਲਾ ਦਿੰਦੀਆਂ ਹਨ ।

ਅਸੀਂ ਸ਼ਾਂਤੀ, ਤਰੱਕੀ ਅਤੇ ਖੁਸ਼ਹਾਲੀ ਦੇ ਰਾਹ 'ਤੇ ਚੱਲਣ ਦਾ ਮੁੜ ਪ੍ਰਣ ਕਰਦੇ ਹਾਂ । ਆਓ, ਇਸ ਵਰ੍ਹੇ ਦਮਦਮਾ ਸਾਹਿਬ (ਤਲਵੰਡੀ ਸਾਬੋ) ਜ਼ਿਲਾ ਬਠਿੰਡਾ ਵਿਖੇ 13 ਅਪਰੈਲ 1997 ਨੂੰ ਸਵੇਰੇ 10 ਵਜੇ ਤੋਂ ਜੋਸ਼-ਓ-ਖਰੋਸ਼ ਨਾਲ ਵਿਸਾਖੀ ਮਨਾਈਏ ।

DPR / PUNJAB

ਪ੍ਰੋ. ਸਾਹਿਬ ਸਿੰਘ ਡੀ. ਲਿਟ.

# ਸੁਰ ਲਿਪੀ ਵਾਲੇ ਸ਼ਬਦਾਂ ਦੇ ਅਰਥ

### ਧਨਾਸਰੀ ਮਹਲਾ 5

**ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ ॥ ਰਹਾਉ॥ ਵਡੈ ਭਾਗਿ ਭੇਟੇ ਗੁਰਦੇਵਾ ॥ ਕੋਟਿ ਪਰਾਧ ਮਿਟੇ ਹਰਿ ਸੇਵਾ ॥੧॥ ਚਰਨ ਕਮਲ ਜਾ ਕਾ ਮਨੁ ਰਾਪੈ ॥ ਸੋਗ ਅਗਨਿ ਤਿਸੁ ਜਨ ਨ ਬਿਆਪੈ ॥੨॥ ਸਾਗਰੁ ਤਰਿਆ ਸਾਧੂ ਸੰਗੇ ॥ ਨਿਰਭਉ ਨਾਮੁ ਜਪਹੁ ਹਰਿ ਰੰਗੇ ॥੩॥ ਪਰ ਧਨ ਦੋਖ ਕਿਛੁ ਪਾਪ ਨ ਫੇੜੇ ॥ ਜਮ ਜੰਦਾਰੁ ਨਾ ਆਵੈ ਨੇੜੇ ॥੪॥ ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥ ਨਾਨਕ ਉਧਰੇ ਪ੍ਰਭ ਸਰਣਾਈ ॥੫॥ ॥੧੫੫॥ (ਪੰਨਾ ੬੮੩)**

**ਅਰਥ :** ਹੇ ਭਾਈ - ਪਰਮਾਤਮਾਂ ਨੂੰ ਸਦਾ ਨਮਸਕਾਰ ਕਰਿਆ ਕਰੋ, ਪ੍ਰਭੂ ਪਾਤਿਸ਼ਾਹ ਦੇ ਗੁਣ ਗਾਂਦੇ ਰਹੋ । ਰਹਾਉ।

ਹੇ ਭਾਈ - ਜਿਸ ਮਨੁੱਖ ਨੂੰ ਵੱਡੀ ਕਿਸਮਤ ਨਾਲ ਗੁਰੂ ਮਿਲ ਪੈਂਦਾ ਹੈ, (ਗੁਰੂ ਦੀ ਰਾਹੀਂ) ਪਰਮਾਤਮਾ ਦੀ ਸੇਵਾ-ਭਗਤੀ ਕਰਨ ਨਾਲ ਉਸ ਦੇ ਕ੍ਰੋੜਾਂ ਹੀ ਪਾਪ ਮਿਟ ਜਾਂਦੇ ਹਨ ॥੧॥

ਹੇ ਭਾਈ- ਜਿਸ ਮਨੁੱਖ ਦਾ ਮਨ ਪਰਮਾਤਮਾਂ ਦੇ ਸੋਹਣੇ ਚਰਨਾਂ (ਦੇ ਪ੍ਰੇਮ ਰੰਗ) ਵਿੱਚ ਰੰਗਿਆ ਜਾਂਦਾ ਹੈ, ਉਸ ਮਨੁੱਖ ਉਤੇ ਚਿੰਤਾ ਦੀ ਅੱਗ ਜ਼ੋਰ ਨਹੀਂ ਪਾ ਸਕਦੀ ॥੨॥

ਹੇ ਭਾਈ- ਪ੍ਰੇਮ ਨਾਲ ਨਿਰਭਉ ਪ੍ਰਭੂ ਦਾ ਨਾਮ ਜਪਿਆ ਕਰੋ । ਗੁਰੂ ਦੀ ਸੰਗਤਿ ਵਿੱਚ (ਨਾਮ ਜਪਣ ਦੀ ਬਰਕਤਿ ਨਾਲ) ਸੰਸਾਰ- ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ ।੩।

ਹੇ ਭਾਈ (ਸਿਮਰਨ ਦਾ ਸਦਕਾ) ਪਰਾਏ ਧਨ (ਆਦਿਕ) ਦੇ ਕੋਈ ਐਬ ਪਾਪ ਮੰਦੇ ਕਰਮ ਨਹੀਂ ਹੁੰਦੇ, ਭਿਆਨਕ ਜਮ ਭੀ ਨੇੜੇ ਨਹੀਂ ਢੁਕਦਾ (ਮੌਤ ਦਾ ਡਰ ਨਹੀਂ ਵਿਆਪਦਾ ਆਤਮਕ ਮੌਤ ਨੇੜੇ ਨਹੀਂ ਆਉਂਦੀ) ।੪।

ਹੇ ਭਾਈ- (ਜਿਹੜੇ ਮਨੁੱਖ ਪ੍ਰਭੂ ਦੇ ਗੁਣ ਗਾਂਦੇ ਹਨ) ਉਹਨਾਂ ਦੀ ਤ੍ਰਿਸ਼ਨਾ ਦੀ ਅੱਗ ਪ੍ਰਭੂ ਨੇ ਆਪ ਬੁਝਾ ਦਿੱਤੀ ਹੈ, ਹੇ ਨਾਨਕ-ਪ੍ਰਭੂ ਦੀ ਸ਼ਰਨ ਪੈ ਕੇ (ਅਨੇਕਾਂ ਜੀਵ ਤ੍ਰਿਸ਼ਨਾ ਦੀ ਅੱਗ ਵਿੱਚ) ਬਚ ਨਿਕਲਦੇ ਹਨ ।੫।੧।੧੫੫।

### ਸਲੋਕ ਮਹਲਾ ੯ (ਪੰਨਾ ੧੪੨੮)

**ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ ॥**

**ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ ॥**

**ਅਰਥ :** ਹੇ ਨਾਨਕ - (ਆਖ-ਹੇ ਭਾਈ-ਮੌਤ ਆਦਿਕ ਜਾਂ) ਉਸ (ਘਟਨਾ) ਦੀ ਚਿੰਤਾ ਕਰਨੀ ਚਾਹੀਦੀ ਹੈ ਜਿਹੜੀ ਕਦੇ ਵਾਪਰਨ ਵਾਲੀ ਨਾਂਹ ਹੋਵੇ । ਜਗਤ ਦੀ ਤਾਂ ਚਾਲ ਹੀ ਇਹ ਹੈ ਕਿ (ਇੱਥੇ) ਕੋਈ ਜੀਵ ਭੀ ਸਦਾ ਕਾਇਮ ਰਹਿਣ ਵਾਲਾ ਨਹੀਂ ਹੈ ॥੫੧॥


'ਅੰਮ੍ਰਿਤ ਕੀਰਤਨ'

ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜਣ ਦੀ ਕਿਰਪਾ ਕਰੋ

ਹਰਿੰਦਰ ਪਾਲ ਸਿੰਘ
ਐਮ.ਏ, (ਸੰਗੀਤ) ਬੀ.ਐਡ.

# ਰਾਗ ਭੀਮ ਪਲਾਸੀ

ਰਾਗ-ਪਰਿਚੈ : ਕਾਫ਼ੀ ਥਾਟ ਦਾ ਰਾਗ ਹੈ ਵਾਦੀ-ਸੰਵਾਦੀ ਮ, ਸ ਹੈ

ਜਾਤੀ - ਔੜਵ ਸੰਪੂਰਨ । ਗਾਇਨ ਸਮਾਂ ਦਿਨ ਦਾ ਤੀਜਾ ਪਹਿਰ ਹੈ । ਇਸ ਵਿੱਚ ਗ, ਨੁ ਸਵਰ ਕੋਮਲ ਹਨ, ਬਾਕੀ ਸ਼ੁਧ ਹਨ । ਆਰੋਹ ਵਿਚ ਰੇ ਧ ਵਰਜਿਤ ਹਨ ਅਵਰੋਹ ਸੰਪੂਰਨ ਹੈ । ਮ ਸਵਰ ਵਾਦੀ ਹੋਣ ਕਰਕੇ ਠਹਿਰਾਵ ਜ਼ਿਆਦਾ ਹੈ ਜਿਸ ਤਰ੍ਹਾਂ ਨੀ ਸ ਮ । ਪੰਚਮ ਦੇ ਬਹੁਤਵ ਨਾਲ ਧਨਾਸਰੀ ਰਾਗ ਦੀ ਛਾਇਆ ਆਉਂਦੀ ਹੈ । ਧਨਾਸਰੀ-ਭੀਮ ਪਲਾਸੀ ਸਮਪ੍ਰਕ੍ਰਿਤਕ ਰਾਗ ਹਨ ਵਾਦ-ਸੰਵਾਦ ਦੀ ਹੀ ਅੰਤਰ ਹੈ । ਪ ਗੁ, ਮ ਗੁ ਦੀ ਸਵਰ ਸੰਗਤ ਮਧੁਰ ਲਗਦੀ ਹੈ ।

ਆਰੋਹ : ਸ ਗੁ ਮ ਪ ਨੀ ਸਂ

ਅਵਰੋਹ : ਸਂ ਨੀ ਧਪ ਮ ਗੁ ਰੇ ਸ ।

ਪਕੜ : ਨੀ ਸ ਮ, ਮ ਗੁ, ਪ ਮ, ਗੁ ਮ ਗੁ ਰੇ ਸ ।

ਸਥਾਈ : ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ।

ਅੰਤਰਾ : ਇਹ ਮਾਰਗ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ ॥

| | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| | | | | | | | | ਮਪ | ਧਨੁ | ਧ | ਪ | ਗੁ | ਰੇ | ਨੁ | ਸ |
| | | | | | | | | ਚਿੰS | SS | ਤਾ | S | ਤਾ | S | ਕੀ | S |
| ਮ | ਮ | ਮ | ਮ | ਪਮ | ਗੁਮ | ਗੁ | ਗੁ | ਨੀ | ਸ | ਗੁ | ਮ | ਪ | ਨੀ | ਸਂ | ਸਂ |
| ਕੀ | S | S | ਜੀ | ਐS | SS | S | S | ਜੋ | S | ਅ | ਨ | ਹੋ | S | ਨੀ | S |
| ਪਨੀ | ਸਰੇਂ | ਨੀ | ਸਂ | ਨੀ | ਧ | ਪ | ਪ | | | | | | | | |
| ਹੋS | SS | S | S | ਇ | S | S | S | | | | | | | | |
| | | | | | | | ਅੰਤਰਾ | | | | | | | | |
| | | | | | | | | ਪ | ਪ | ਪ | ਪ | ਮ | ਪ | ਗੁ | ਮ |
| | | | | | | | | ਇ | ਹ | ਮਾ | S | ਰ | ਗ | ਸੰ | S |
| ਪ | ਪ | ਨੀ | ਨੀ | ਸਂ | ਸਂ | ਸਂ | ਸਂ | ਪ | ਨੀ | ਸਂ | ਗੁਂ | ਰੇਂ | ਰੇਂ | ਸਂ | ਸਂ |
| ਸਾ | S | S | ਰ | ਕੋ | S | S | S | ਨਾ | S | ਨ | ਕ | ਥਿ | ਰ | ਨ | ਹੀ |
| ਸਰੇਂ | ਰੇਂ | ਨੀ | ਨੀ | ਪਨੀ | ਸਨੀ | ਧ | ਪ | | | | | | | | |
| ਕੋS | S | S | S | ਇS | SS | S | S | | | | | | | | |

ਪ੍ਰੋ. ਪਰਮਜੋਤ ਸਿੰਘ

# ਧਨਾਸਰੀ

*ਧਨਾਸਰੀ ਧੰਨਵੰਤੀ ਜਾਣੀਐ ਭਾਈ*
*ਜੇ ਸਤਿਗੁਰੂ ਕੀ ਕਾਰ ਕਮਾਇ ॥*

1. ਸਵਰ-ਗਾ, ਨੀ ਕੋਮਲ 2. ਥਾਟ-ਕਾਫ਼ੀ 3. ਵਰਜਿਤ ਸਵਰ-ਰੇ, ਧਾ-ਅਰੋਹ ਵਿੱਚ
4. ਜਾਤੀ-ਔਡਵ-ਸੰਪੂਰਣ 5. ਸਮਾਂ-ਦਿਨ ਦਾ ਤੀਸਰਾ ਪਹਿਰ 6. ਵਾਦੀ-ਪਾ ਸੰਵਾਦੀ-ਸਾ
7. ਆਰੋਹ-ਨ਼ੀ ਸਾ ਗੁ ਮਾ ਪਾ ਨ਼ੀ ਸਾਂ
   ਅਵਰੋਹ-ਸਾਂ ਨ਼ੀ ਧਾ ਪਾ ਮਾ ਪਾ ਗੁ ਮ ਗੁ ਰੇ ਸਾ
8. ਮੁੱਖ ਅੰਗ
   ਵਿਸ਼ੇਸ਼ ਸੰਖੇਪ ਵਿਸਥਾਰ-ਪਾ ਮਾ ਪਾ ਗੁ ਮਾ ਪਾ ਨ਼ੀ ਧਾ ਪਾ ਗੁ ਮਾ ਗੁ ਰੇ ਸਾ

## ਰਾਗ ਧਨਾਸਰੀ ਤੀਲ ਤਾਲ

### ਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | | | ਪਾ | ਮਾ |
| | | | | | | | | | | | | | | ਬੰ | ਦ |
| ਪਾ | – | – | ਗੁ | ਗੁ | ਰੇ | ਸਾ | ਨ਼ੀ | ਸ | – | – | – | – | – | – | – |
| ਨਾ | s | s | ਹ | ਰਿ | ਬੰ | s | ਦ | ਨਾ | s | s | s | s | s | s | s |
| ਨ਼ੀ | ਨ਼ੀ | ਸਾ | ਗੁ | ਰੇ | ਰੇ | ਸਾ | ਸਾ | ਗੁ | ਗੁ | ਮਾ | ਮਾ | ਪਾ | – | ਪਾ | ਮਾ |
| ਗੁ | ਠ | ਗਾ | s | ਵ | ਹੋ | ਗੋ | s | ਪਾ | s | ਲ | ਰਾ | ਇ | s | ਬੰ | ਦ |
| 0 | | | | 3 | | | | x | | | | 2 | | | |
| | | | | | | | ਅੰਤਰਾ | | | | | | | | |
| ਪਾ | ਪਾ | ਪਾ | ਪਾ | ਮਾ | ਪਾ | ਗੁ | ਮਾ | ਪਾ | ਪਾ | ਨ਼ੀ | ਨ਼ੀ | ਸਾਂ | ਸਾਂ | ਸਾਂ | ਸਾਂ |
| ਵ | s | ਡੇ | s | ਭਾ | s | ਗ | ਭੇ | ਟੇ | s | ਗੁ | ਰ | ਦੇ | s | ਵਾ | s |
| 0 | | | | 3 | | | | x | | | | 2 | | | |
| ਪਾ | ਨ਼ੀ | ਸਾਂ | ਗਾਂ | ਰੇਂ | ਰੇਂ | ਸਾਂ | ਸਾਂ | ਨ਼ੀ | ਨ਼ੀ | ਧਾ | ਨ਼ੀ | ਧਾ | ਪਾ | ਪਾ | ਮਾ |
| ਕੋ | s | ਟ | ਪ | ਰਾ | s | ਧ | ਮਿ | ਟੇ | s | ਹ | ਰ | ਸੇ | ਵਾ | ਬੰ | ਦ |
| 9 | 10 | 11 | 12 | 13 | 14 | 15 | 16 | 1 | 2 | 3 | 4 | 5 | 6 | 7 | 8 |

# ਸੰਗੀਤ-ਲਿਪੀ ਚਿੰਨ੍ਹ

| | |
|---|---|
| ਪ | ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ । |
| ਧੁ | ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ ਸੁਰ ਨੰ: 2, 4, 9, 11 ਕੋਮਲ ਸੁਰ ਹਨ । |
| ਮੰ | ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ । |
| ਪ਼/ਧ਼ | ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ । |
| ਸੰ/ਪੰ | ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ । |
| ਪ | ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (-) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ । |
| ਸ਼ਾਂ | ਜਿਸ ਅੱਖਰ ਅੱਗੇ ਜਿੰਨੇ ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ । |
| ਧਪ | ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿੱਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ । |
| ਮਪ | ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ । |
| **XO 123** | **X** ਸਮ, **O** ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ । |



# ਮਹੀਨਾ ਮਈ/ਜੇਠ

ਹਰ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥

## ਗੁਰਪੁਰਬ

| | |
|---|---|
| ਪਾ: ੨ ਅਵਤਾਰ ਧਾਰਿਆ | 7 ਮਈ |
| ਪਾ: ੩ ਅਵਤਾਰ ਧਾਰਿਆ | 21 ਮਈ |
| ਪਾ: ੬ ਗੁਰਿਆਈ ਮਿਲੀ | 29 ਮਈ |

## ਦਿਨ ਦਿਹਾਰ ਤੇ ਛੁੱਟੀਆਂ

| | |
|---|---|
| ਮਜ਼ਦੂਰ ਦਿਵਸ | 1 ਮਈ |
| ਮੁਹੱਰਮ (ਤਾਜ਼ੀਏ) | 18 ਮਈ |
| ਜਨਮ ਮਹਾਤਮਾ ਬੁਧ | 29 ਮਈ |

| | |
|---|---|
| ਸੰਮਤ ਬਿਕ੍ਰਮੀ | 2054 |
| ਸੰਮਤ ਨਾਨਕਸ਼ਾਹੀ | 528 |
| ਸੰਮਤ ਖਾਲਸਾ | 299 |
| ਸੰਮਤ ਸ਼ਾਕਾ | 1919 |

ਮਈ

MAY 1997

| | |
|---|---|
| ਸੰਗਰਾਂਦ | 14 ਮਈ |
| ਪੂਰਨਮਾਸ਼ੀ | 22 ਮਈ |
| ਮਸਿਆ | 6 ਮਈ |
| ਪੰਚਮੀ | 11 ਮਈ |

| | | | | | |
|---|---|---|---|---|---|
| ਐਤ SUN | | 4<br>22 ਵੈਸਾਖ<br>ਵੈਸਾਖ ਵਦੀ 12 | 11<br>29 ਵੈਸਾਖ<br>ਵੈਸਾਖ ਸੁਦੀ 5 | 18<br>5 ਜੇਠ<br>ਵੈਸਾਖ ਸੁਦੀ 11 | 25<br>12 ਜੇਠ<br>ਜੇਠ ਵਦੀ 3 |
| ਸੋਮ MON | | 5<br>23 ਵੈਸਾਖ<br>ਵੈ: ਵ:13-14 | 12<br>30 ਵੈਸਾਖ<br>ਵੈਸਾਖ ਸੁਦੀ 6 | 19<br>6 ਜੇਠ<br>ਵੈਸਾਖ ਸੁਦੀ 12 | 26<br>13 ਜੇਠ<br>ਜੇਠ ਵਦੀ 4 |
| ਮੰਗਲ TUE | | 6<br>24 ਵੈਸਾਖ<br>ਮਸਿਆ | 13<br>31 ਵੈਸਾਖ<br>ਵੈਸਾਖ ਸੁਦੀ 7 | 20<br>7 ਜੇਠ<br>ਵੈਸਾਖ ਸੁਦੀ 13 | 27<br>14 ਜੇਠ<br>ਜੇਠ ਵਦੀ 5-6 |
| ਬੁੱਧ WED | | 7<br>25 ਵੈਸਾਖ<br>ਵੈਸਾਖ ਸੁਦੀ 1 | 14<br>1 ਜੇਠ<br>ਵੈਸਾਖ ਸੁਦੀ 8 | 21<br>8 ਜੇਠ<br>ਵੈਸਾਖ ਸੁਦੀ 14 | 28<br>15 ਜੇਠ<br>ਜੇਠ ਵਦੀ 7 |
| ਵੀਰ THU | 1<br>19 ਵੈਸਾਖ<br>ਵੈਸਾਖ ਵਦੀ 9 | 8<br>26 ਵੈਸਾਖ<br>ਵੈਸਾਖ ਸੁਦੀ 2 | 15<br>2 ਜੇਠ<br>ਵੈਸਾਖ ਸੁਦੀ 8 | 22<br>9 ਜੇਠ<br>ਪੂਰਨਮਾਸ਼ੀ | 29<br>16 ਜੇਠ<br>ਜੇਠ ਵਦੀ 8 |
| ਸ਼ੁੱਕਰ FRI | 2<br>20 ਵੈਸਾਖ<br>ਵੈਸਾਖ ਵਦੀ 10 | 9<br>27 ਵੈਸਾਖ<br>ਵੈਸਾਖ ਸੁਦੀ 3 | 16<br>3 ਜੇਠ<br>ਵੈਸਾਖ ਸੁਦੀ 9 | 23<br>10 ਜੇਠ<br>ਜੇਠ ਵਦੀ 1 | 30<br>17 ਜੇਠ<br>ਜੇਠ ਵਦੀ 9 |
| ਸ਼ਨੀ SAT | 3<br>21 ਵੈਸਾਖ<br>ਵੈਸਾਖ ਵਦੀ 11 | 10<br>28 ਵੈਸਾਖ<br>ਵੈਸਾਖ ਸੁਦੀ 4 | 17<br>4 ਜੇਠ<br>ਵੈਸਾਖ ਸੁਦੀ 10 | 24<br>11 ਜੇਠ<br>ਜੇਠ ਵਦੀ 2 | 31<br>18 ਜੇਠ<br>ਜੇਠ ਵਦੀ 10 |

ਅਰਥ- ਜਿਸ ਹਰੀ ਦੇ ਅੱਗੇ ਸਾਰੇ ਜੀਵ ਸਿਰ ਨਿਵਾਂਦੇ ਹਨ, ਜੇਠ ਦੇ ਮਹੀਨੇ ਵਿੱਚ ਉਸ ਦੇ ਚਰਨਾਂ ਵਿੱਚ ਜੁੜਨਾ ਚਾਹੀਦਾ ਹੈ । ਜੇ ਹਰੀ ਸੱਜਣ ਦੇ ਲੜ ਲੱਗੇ ਰਹੀਏ ਤਾਂ ਉਹ ਕਿਸੇ (ਜਮ ਆਦਿਕ) ਨੂੰ ਆਗਿਆ ਨਹੀਂ ਦੇਂਦਾ ਕਿ ਬੰਨ੍ਹ ਕੇ ਅੱਗੇ ਲਾ ਲਏ ( ਭਾਵ, ਪ੍ਰਭੂ ਦੇ ਲੜ ਲੱਗਿਆਂ ਜਮਾਂ ਦਾ ਡਰ ਨਹੀਂ ਰਹਿ ਜਾਂਦਾ) (ਲੋਕ ਹੀਰੇ ਮੋਤੀ ਲਾਲ ਆਦਿਕ ਕੀਮਤੀ ਧਨ ਇਕੱਠਾ ਕਰਨ ਲਈ ਦੌੜ ਭੱਜ ਕਰਦੇ ਹਨ ਪਰ ਉਸ ਧਨ ਦੇ ਚੋਰੀ ਹੋ ਜਾਣ ਦਾ ਭੀ ਤੌਖਲਾ ਰਹਿੰਦਾ ਹੈ) ਪਰਮਾਤਮਾ ਦਾ ਨਾਮ ਹੀਰੇ ਮੋਤੀ ਆਦਿਕ ਐਸਾ ਕੀਮਤੀ ਧਨ ਹੈ ਕਿ ਉਹ ਚੁਰਾਇਆ ਨਹੀਂ ਜਾ ਸਕਦਾ । ਪਰਮਾਤਮਾ ਦੇ ਜਿਤਨੇ ਭੀ ਕੌਤਕ ਹੋ ਰਹੇ ਹਨ, (ਨਾਮ-ਧਨ ਦੀ ਬਰਕਤ ਨਾਲ) ਉਹ ਸਾਰੇ ਮਨ ਵਿੱਚ ਪਿਆਰੇ ਲਗਦੇ ਹਨ । (ਇਹ ਭੀ ਸਮਝ ਆ ਜਾਂਦੀ ਹੈ ਕਿ) ਪ੍ਰਭੂ ਆਪ ਤੇ ਉਸ ਦੇ ਪੈਦਾ ਕੀਤੇ ਜੀਵ ਉਹੀ ਕੁਝ ਕਰਦੇ ਹਨ ਜੋ ਉਸ ਪ੍ਰਭੂ ਨੂੰ ਚੰਗਾ ਲੱਗਦਾ ਹੈ ।

ਜਿਨ੍ਹਾਂ ਬੰਦਿਆਂ ਨੂੰ ਪ੍ਰਭੂ ਨੇ (ਆਪਣੀ ਸਿਫਤ-ਸਾਲਾਹ ਦੀ ਦਾਤਿ ਦੇ ਕੇ) ਆਪਣਾ ਬਣਾ ਲਿਆ ਹੈ, ਉਹਨਾਂ ਨੂੰ ਹੀ (ਜਗਤ ਵਿੱਚ) ਸ਼ਾਬਾਸ਼ੇ ਮਿਲਦੀ ਹੈ । (ਪਰ ਪਰਮਾਤਮਾ-ਜੀਵਾਂ ਦੇ ਆਪਣੇ ਉੱਦਮ ਨਾਲ ਨਹੀਂ ਮਿਲ ਸਕਦਾ) ਜੇ ਜੀਵਾਂ ਦੇ ਆਪਣੇ ਉੱਦਮ ਨਾਲ ਮਿਲ ਸਕਦਾ ਹੋਵੇ ਤਾਂ ਜੀਵ ਉਸ ਤੋਂ ਵਿਛੁੜ ਕੇ ਦੁਖੀ ਕਿਉਂ ਹੋਣ ? ਹੇ ਨਾਨਕ - (ਪ੍ਰਭੂ ਦੇ ਮਿਲਾਪ ਦੇ) ਅਨੰਦ (ਉਹੀ ਬੰਦੇ) ਮਾਣਦੇ ਹਨ, ਜਿਨ੍ਹਾਂ ਨੂੰ ਗੁਰੂ ਦਾ ਸਾਥ ਮਿਲ ਜਾਏ । ਜਿਸ ਮਨੁੱਖ ਦੇ ਮੱਥੇ ਉਤੇ ਭਾਗ ਜਾਗੇ, ਉਸ ਨੂੰ ਜੇਠ ਮਹੀਨਾ ਸੁਹਾਵਣਾ ਲੱਗਦਾ ਹੈ । ਉਸੇ ਨੂੰ ਪ੍ਰਭੂ-ਮਾਲਕ ਮਿਲਦਾ ਹੈ ।

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ*

# ਅੰਮ੍ਰਿਤ ਵਰਖਾ

ਪੇਸ਼ ਕਰਦੇ ਹਨ :

ਡਾ. ਜਾਗੀਰ ਸਿੰਘ ਜੀ ਦੀ ਆਵਾਜ਼ ਵਿਚ

ਗੁਰਬਾਣੀ ਕੀਰਤਨ ਦੀਆਂ ਕੈਸਟਾਂ

- ਸਾਵਣ ਆਇਆ
- ਤੇਰਾ ਕੀਆ ਮੀਠਾ ਲਾਗੈ
- ਦਲ ਭੰਜਨ ਗੁਰ ਸੂਰਮਾ
- ਹਉ ਬਲਿਹਾਰੇ ਜਾਉ
- ਜਿਉ ਰਾਖਹਿ ਤਿਉ ਰਹੀਐ
- ਜਪਿ ਮਨ ਸਤਿਨਾਮ
- ਬਿਨ ਦਰਸਨ ਕੈਸੈ ਜੀਵਉ
- ਪਾਠ- ਸ੍ਰੀ ਜਪੁਜੀ ਸਾਹਿਬ ਰਹਿਰਾਸ ਸਾਹਿਬ ਤੇ ਸੋਹਿਲਾ
- ਮੇਰੇ ਲਾਲ ਜੀਉ
- ਸੋ ਕਿਉ ਵਿਸਰੈ
- ਬਾਬੀਹਾ ਅੰਮ੍ਰਿਤ ਵੇਲੇ ਬੋਲਿਆ
- ਪੂਤਾ ਮਾਤਾ ਕੀ ਆਸੀਸ
- ਤੇਰਾ ਮੁਖੁ ਸੁਹਾਵਾ
- ਦੇਹ ਸਿਵਾ ਬਰ ਮੋਹਿ ਇਹੈ
- ਪਾਠ- ਸ੍ਰੀ ਸੁਖਮਨੀ ਸਾਹਿਬ
- ਪਾਠ- ਪੰਜ ਬਾਣੀਆਂ ਤੇ ਬਾਰਹਮਾਹ

---

ਨੋਟ : ਰਾਗੀ ਜੱਥਾ ਡਾ. ਜਾਗੀਰ ਸਿੰਘ (ਚੰਡੀਗੜ੍ਹ) ਦੇ ਕੀਰਤਨ ਦੀਆਂ ਟੇਪਾਂ ਹੇਠ ਲਿਖੇ ਸਥਾਨਾਂ ਤੋਂ ਮਿਲ ਸਕਦੀਆਂ ਹਨ । ਚੰਡੀਗੜ੍ਹ ਵਿੱਚ ਜੇ ਆਪ ਘਰ ਬੈਠਿਆਂ ਕੀਰਤਨ ਟੇਪਾਂ ਚਾਹੁੰਦੇ ਹੋ ਤਾਂ ਫੋਨ : 772660 ਅਤੇ 45452 ਕਰਨ ਦੀ ਕਿਰਪਾ ਕਰੋ ।

| | |
|---|---|
| **ਅੰਮ੍ਰਿਤ ਕੀਰਤਨ ਟ੍ਰਸਟ**<br>422, ਸੈਕਟਰ 15-A<br>ਚੰਡੀਗੜ੍ਹ-160015<br>ਫੋਨ-722660 | **ਅੰਮ੍ਰਿਤ ਵਰਖਾ**<br>7/1, ਵੈਸਟ ਪਟੇਲ ਨਗਰ,<br>ਨਵੀਂ ਦਿੱਲੀ<br>ਫੋਨ : 5742058 |
| **Amar Onkar Electrical**<br>S.C.F. 11, Sector 11-D,<br>Chadigarh<br>Phone : 541827 | **S. Amarjit Shah Singh**<br>31, West Minister Road<br>Leaming -W.A. Australia<br>ਫੋਨ-061-9-332-6102 |

-ਡਾ. ਜਾਗੀਰ ਸਿੰਘ ਪ੍ਰਧਾਨ ਅੰਮ੍ਰਿਤ ਕੀਰਤਨ ਟਰੱਸਟ ਨੇ ਡੀ.ਬੀ. ਪ੍ਰਿੰਟਰਜ਼ S.C.O. 59, ਫੇਸ 3-ਬੀ-2,ਮੋਹਾਲੀ ਫੋਨ 675808 ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

# 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

## ਸਾਲਾਨਾ ਮੈਂਬਰ

| | |
|---|---|
| ਗਿਆਨੀ ਜਗਤਾਰ ਸਿੰਘ, ਨੌਰਾ, ਨਵਾਂ ਸ਼ਹਿਰ | 100ਰੁ. |
| ਸਕੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਕੇਤ, ਨਵੀਂ ਦਿਲੀ | 100ਰੁ. |
| ਸ੍ਰੀਮਤੀ ਹਰਿਭਜਨ ਕੌਰ, ਅੰਮ੍ਰਿਤਸਰ | 100ਰੁ. |
| ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਸਚਿਮ ਵਿਹਾਰ, ਨਵੀਂ ਦਿਲੀ | 100ਰੁ. |
| ਸ੍ਰ. ਬਲਬੀਰ ਸਿੰਘ ਮਟਨੇਜਾ, ਨਵੀਂ ਦਿਲੀ | 100ਰੁ. |
| ਮਿਸਜ ਅੰਮ੍ਰਿਤ ਰਣਜੀਤ ਸਿੰਘ, ਦਿਲੀ | 100ਰੁ. |
| ਸ੍ਰ. ਹਰਚੰਦ ਸਿੰਘ, ਸਰਹੰਦ ਮੰਡੀ | 100ਰੁ. |
| ਗੁਰਮਤਿ ਸੰਗੀਤ ਅਕੈਡਮੀ, ਪਟਿਆਲਾ | 100ਰੁ. |
| ਸ੍ਰ. ਜਸਪਾਲ ਸਿੰਘ ਰੋਹਿਨੀ, ਨਵੀਂ ਦਿਲੀ | 100ਰੁ. |
| ਗਿ: ਸੁਰਿੰਦਰ ਸਿੰਘ, ਚੰਡੀਗੜ੍ਹ | 100ਰੁ. |
| ਸ੍ਰੀਮਤੀ ਤੇਜਿੰਦਰ ਕੌਰ ਬੈਂਸ, ਚੰਡੀਗੜ੍ਹ | 100ਰੁ. |
| ਸ੍ਰੀਮਤੀ ਗੁਰਮੀਤ ਕੌਰ, ਚੰਡੀਗੜ੍ਹ | 100ਰੁ. |
| ਸ੍ਰੀਮਤੀ ਅਜੀਤ ਕੌਰ | 100 ਰੁ. |
| ਸ੍ਰ. ਬਲਵਿੰਦਰ ਸਿੰਘ, ਗੜ੍ਹਦੀਵਾਲਾ | 100 ਰੁ. |
| ਸ੍ਰ. ਮਦਨ ਸਿੰਘ, ਚੰਗ ਬਸੋਹਾ, ਜਿਲਾ ਗੁਰਦਾਸਪੁਰ | 100 ਰੁ. |
| ਸੁਰਜੀਤ ਸਿੰਘ ਚੱਢਾ, ਜਲੰਧਰ | 100 ਰੁ. |
| ਗੁਰਪ੍ਰੀਤ ਸਿੰਘ, ਜਲੰਧਰ | 100 ਰੁ. |
| ਸਿਖ ਮਿਸ਼ਨਰੀ ਕਾਲਜ, ਜਮਾਲਪੁਰ, ਲੁਧਿਆਣਾ | 100 ਰੁ. |
| ਸ੍ਰ. ਕੁਲਤਾਰ ਸਿੰਘ, ਚੰਡੀਗੜ੍ਹ | 100 ਰੁ. |
| ਭਾਈ ਹੀਰਾ ਸਿੰਘ ਟ੍ਰਸਟ, ਚੰਡੀਗੜ੍ਹ | 400 ਰੁ. |
| ਸ੍ਰ. ਦਵਿੰਦਰ ਸਿੰਘ ਪਲਟਾ, ਚੰਡੀਗੜ੍ਹ | 100 ਰੁ. |
| ਕਰਨਲ ਪੀ.ਐਸ. ਵੋਹਰਾ, ਚੰਡੀਗੜ੍ਹ | 100 ਰੁ. |
| ਸ੍ਰ. ਸੁਰਜੀਤ ਸਿੰਘ ਰਿਖੀ, ਚੰਡੀਗੜ੍ਹ | 100 ਰੁ. |
| ਡਾ. ਰਮਨੀਕ ਕੌਰ, ਚੰਡੀਗੜ੍ਹ | 100 ਰੁ. |
| ਪ੍ਰੋ. ਐਚ.ਐਸ. ਸ਼ੇਰਗਿਲ, ਚੰਡੀਗੜ੍ਹ | 100 ਰੁ. |
| ਸ੍ਰ. ਹਰਮਿੰਦਰ ਸਿੰਘ, ਅਮਰੀਕਾ | 500 ਰੁ. |

## ਵਿਸ਼ੇਸ਼ ਸਹਾਇਤਾ

| | |
|---|---|
| ਡਾ. ਕੁਲਵੰਤ ਕੌਰ, ਐਡੀਲੇਡ, ਆਸਟ੍ਰੇਲੀਆ | 1500 ਰੁ. |
| ਸ੍ਰ. ਅਬਨਾਸੀ ਸਿੰਘ ਸਾਹਨੀ, ਬੰਗਲੌਰ | 250 ਰੁ. |
| ਸ੍ਰ. ਚਰਨਜੀਤ ਸਿੰਘ ਮੈਂਗੀ, ਜਲੰਧਰ | 500 ਰੁ. |
| ਡਾ. ਰਮਨੀਕ ਕੌਰ, ਚੰਡੀਗੜ੍ਹ | 500 ਰੁ. |

## ਜਰੂਰੀ ਬੇਨਤੀ

ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ ।

ਸੰਪਾਦਕ

## ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।

ਇਹ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿੱਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।

ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ
ਪ੍ਰਕਾਸ਼ਕ : ਅੰਮ੍ਰਿਤ ਕੀਰਤਨ ਟ੍ਰਸਟ ਕੀਮਤ: ਸਜਿਲਦ-70 ਰੁ. ਪੇਪਰ ਬੈਕ-50 ਰੁ.

422, ਸੈਕਟਰ 15-ਏ, ਚੰਡੀਗੜ੍ਹ-160 015